# ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਯੂਨੀਵਰਸਿਟੀ ਕੈਲੰਡਰ ਜਿਲਦ-II (2010) ਨਾਲ ਸੰਬੰਧਿਤ ਸਿੰਡੀਕੇਟ ਦੀ ਕਾਰਵਾਈ/ ਪੈਰ੍ਹਿਆਂ ਦੀ ਸੂਚੀ :

| | | |
|---|---|---|
| 1. | ਸ. ਪ੍ਰਿਥੀ ਰਾਜ ਪਾਲ ਸਿੰਘ ਬੇਦੀ ਯਾਦਗਾਰੀ ਸਕਾਲਰਸ਼ਿਪ ਲਾਗੂ ਕਰਨ ਸਬੰਧੀ। | ਸਿੰਡੀਕੇਟ ਮਿਤੀ 20-3-2013, ਪੈਰ੍ਹਾ-3 |
| 2. | ਪ੍ਰੋਫ਼ੈਸਰ ਜਗਿੰਦਰ ਸਿੰਘ ਰਾਮਦੇਵ ਦੇ ਨਾਂ 'ਤੇ ਸਕਾਲਰਸ਼ਿਪ ਲਾਗੂ ਕਰਨ ਸਬੰਧੀ। | ਸਿੰਡੀਕੇਟ ਮਿਤੀ 20-3-2013, ਪੈਰ੍ਹਾ-4 |
| 3. | 'ਜਸਪ੍ਰੀਤ ਸਿੰਘ ਯਾਦਗਾਰੀ ਵਜ਼ੀਫਾ' ਲਾਗੂ ਕਰਨ ਸੰਬੰਧੀ। | ਸਿੰਡੀਕੇਟ ਮਿਤੀ 20-3-2013, ਪੈਰਾ-15 |
| 4. | ਡਾ. ਮਦਨਜੀਤ ਕੌਰ ਵੱਲੋਂ ਗੋਲਡ ਮੈਡਲ ਲਾਗੂ ਕਰਨ ਲਈ ਪ੍ਰਾਪਤ ਹੋਈ ਤਜਵੀਜ਼ ਨੂੰ ਪ੍ਰਵਾਨਗੀ ਸਬੰਧੀ। | ਸਿੰਡੀਕੇਟ ਮਿਤੀ 11-6-2013, ਪੈਰ੍ਹਾ-35 |
| 5. | ਸਿੰਗਲ ਫੈਕਲਟੀ/ਪ੍ਰੋਫੈਸ਼ਨਲ ਕਾਲਜ (AICTE, BCI, NCTE etc. ਅਧੀਨ ਆਉਂਦੇ ਕੋਰਸਾਂ ਨੂੰ ਛੱਡ ਕੇ) ਖੋਲ੍ਹਣ ਲਈ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਮਿਤੀ 19-11-12 ਨੂੰ ਸੈਸ਼ਨ 2013-14 ਤੋਂ ਲਾਗੂ ਕਰਨ ਬਾਰੇ। | ਸਿੰਡੀਕੇਟ ਮਿਤੀ 11-6-2013, ਪੈਰ੍ਹਾ-37.10 |
| 6. | ਸੈਸ਼ਨ 2011-12 ਤੋਂ ਅਰਥ ਵਿਗਿਆਨ ਵਿਭਾਗ ਵਿਖੇ ਚੱਲ ਰਹੇ ਕੋਰਸ ਐਮ.ਏ.(ਬਿਜਨਸ ਇਕਨਾਮਿਕਸ) ਦੀ ਫੀਸ ਐਮ.ਏ (ਇਕਨਾਮਿਕਸ) ਦੇ ਬਰਾਬਰ ਕਰਨ ਬਾਰੇ। | ਸਿੰਡੀਕੇਟ ਮਿਤੀ 11-6-2013, ਪੈਰ੍ਹਾ-37.15 |
| 7. | ਡੀ.ਲਿਬ ਅਤੇ ਐਮ.ਲਿਬ ਕੋਰਸਾਂ ਲਈ ਸਬੰਧਤਾ ਫੀਸ (ਕੇਵਲ ਇਕ ਵਾਰ) ਨਿਰਧਾਰਤ ਕਰਨ ਦੀ ਪ੍ਰਵਾਨਗੀ ਬਾਰੇ। | ਸਿੰਡੀਕੇਟ ਮਿਤੀ 11-6-2013, ਪੈਰ੍ਹਾ-37.40 |
| 8. | ਸਮਾਨਤਾ ਕਮੇਟੀ ਦੀ ਮਿਤੀ 1-10-2013 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਸਬੰਧੀ। | ਸਿੰਡੀਕੇਟ ਮਿਤੀ 28-12-2013 ਪੈਰ੍ਹਾ-26.14 |
| 9. | ਸਮਾਨਤਾ ਕਮੇਟੀ ਦੀ ਮਿਤੀ 21-1-2014 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਸੰਬੰਧੀ। | ਸਿੰਡੀਕੇਟ ਮਿਤੀ 18-3-2014, ਪੈਰ੍ਹਾ-23.12 |
| 10. | ਕੇਂਦਰ ਸਰਕਾਰ ਵਲੋਂ ਸੁਰੂ ਕੀਤੀ ਗਈ ਨਵੀਂ Rashtriya Uchchatar Shiksha Abhiyan (RUSA) ਸਕੀਮ ਤਹਿਤ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿਚ ਰਖਦੇ ਹੋਏ ਅਕਾਦਮਿਕ ਸੈਸ਼ਨ 2014-15 ਤੋਂ ਯੂਨੀਵਰਸਿਟੀ ਅਤੇ ਇਸ ਨਾਲ ਸੰਬੰਧਿਤ ਕਾਲਜਾਂ ਵਿਖੇ ਚਲ ਰਹੇ ਸਾਰੇ ਰੈਗੂਲਰ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕਰਨ ਸਬੰਧੀ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਮਿਤੀ 8-1-2014 ਨੂੰ ਪ੍ਰਵਾਨਗੀ ਸਬੰਧੀ। | ਸਿੰਡੀਕੇਟ ਮਿਤੀ 18-3-2014, ਪੈਰ੍ਹਾ-36 |
| 11. | ਸਿੰਡੀਕੇਟ ਮਿਤੀ 5.3.2001 (ਪੈਰ੍ਹਾ-3) ਅਨੁਸਾਰ Extra-curricular Activities ਵਿਚ ਅਲੌਕਿਕ ਪ੍ਰਾਪਤੀਆਂ ਲਈ ਚਾਂਸਲਰ ਦਾ ਸਰੇਸ਼ਟਤਾ ਤਗਮਾ (Chancellor's Medal of Excellence for Extra-curricular Activities) ਕਾਇਮ ਕੀਤਾ ਹੋਇਆ ਹੈ, ਖੇਡਾਂ ਦੇ ਖੇਤਰ ਵਿਚ ਅਲੌਕਿਕ ਪ੍ਰਾਪਤੀਆਂ ਲਈ ਚਾਂਸਲਰ ਦਾ ਸਰੇਸ਼ਟਤਾ ਤਗਮਾ (Chancellor's Medal of Excellence for Extra-curricular Activities in Sports) ਵੀ ਕਾਇਮ ਕਰਨ ਸੰਬੰਧੀ। | ਸਿੰਡੀਕੇਟ ਮਿਤੀ 18-03-2014, ਪੈਰ੍ਹਾ-ਚਲੰਤ ਕਾਰਜ (ਅ) |

Preeti

ਸਿੰਡੀਕੇਟ ਮਿਤੀ 20-3-2013 (1)

ਸ. ਪ੍ਰਿਥੀ ਰਾਜ ਪਾਲ ਸਿੰਘ ਬੇਦੀ ਯਾਦਗਾਰੀ ਸਕਾਲਰਸ਼ਿਪ ਲਾਗੂ ਕਰਨ ਸੰਬੰਧੀ।

3. **ਪਾਸ ਹੋਇਆ ਕਿ** ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ. ਪ੍ਰਿਥੀ ਰਾਜ ਪਾਲ ਸਿੰਘ ਬੇਦੀ ਯਾਦਗਾਰੀ ਸਕਾਲਰਸ਼ਿਪ ਲਾਗੂ ਕਰਨ ਲਈ ਪ੍ਰਾਪਤ ਹੋਈ ਤਜਵੀਜ਼ ਅਤੇ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਗਠਿਤ ਕਮੇਟੀ ਦੀ ਮਿਤੀ 01.02.2013 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (ਅੰਤਿਕਾ-1) ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਜਨਰਲ ਬ੍ਰਾਂਚ

ਸ. ਪ੍ਰਿਥੀ ਰਾਜ ਪਾਲ ਸਿੰਘ ਬੇਦੀ ਦੇ ਨਾਂ 'ਤੇ ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ ਵਿੱਚ ਐਮ.ਏ. ਦੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀ ਨੂੰ ਵਜ਼ੀਫਾ ਦੇਣ/ਸਥਾਪਤ ਕਰਨ ਲਈ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 1-2-2013 ਨੂੰ ਬਾਅਦ ਦੁਪਹਿਰ 3:30 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ:**

1) ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2) ਮੁਖੀ, ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ
3) ਵਿੱਤ ਅਫ਼ਸਰ

ਸ. ਪ੍ਰਿਥੀ ਰਾਜ ਪਾਲ ਸਿੰਘ ਬੇਦੀ ਦੇ ਨਾਂ 'ਤੇ ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ ਵਿੱਚ ਐਮ.ਏ. ਦੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀ ਨੂੰ ਵਜ਼ੀਫਾ ਦੇਣ ਲਈ ਤਜ਼ਵੀਜ਼ ਪ੍ਰਾਪਤ ਹੋਈ ਸੀ, ਜਿਸ ਲਈ ਨਿਮਨ ਲਿਖਤ ਮੋਡੈਲਟੀਜ਼ ਨਿਰਧਾਰਤ ਕੀਤੀਆਂ ਗਈਆਂ:

1) ਸਕਾਲਰਸ਼ਿਪ ਦਾ ਨਾਂ **ਸ. ਪ੍ਰਿਥੀ ਰਾਜ ਪਾਲ ਸਿੰਘ ਬੇਦੀ ਯਾਦਗਾਰੀ ਵਜ਼ੀਫਾ** ਹੋਵੇਗਾ।
2) ਇਹ ਵਜ਼ੀਫਾ ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ ਵਿੱਚ ਐਮ.ਏ. ਵਿਚ ਦਾਖਲੇ ਉਪਰੰਤ ਮੈਰਿਟ-ਕਮ-ਮੀਨਜ਼ ਦੇ ਅਧਾਰ 'ਤੇ ਇਕ ਵਿਦਿਆਰਥੀ ਨੂੰ ਦਿੱਤਾ ਜਾਵੇਗਾ।
3) ਸਕਾਲਰਸ਼ਿਪ ਦੀ ਅਵਧੀ ਦੋ ਸਾਲ ਹੋਵੇਗੀ। ਇਕ ਵਿਦਿਆਰਥੀ ਨੂੰ ਦੋਵੇਂ ਸਾਲ ਇਹ ਵਜ਼ੀਫਾ ਦਿੱਤਾ ਜਾ ਸਕੇਗਾ, ਪਰੰਤੂ ਜੇਕਰ ਪਹਿਲਾਂ ਵਜ਼ੀਫਾ ਲੈ ਰਹੇ ਵਿਦਿਆਰਥੀ ਦੀ ਰੀਅਪੀਅਰ ਆ ਜਾਂਦੀ ਹੈ ਤਾਂ ਇਹ ਵਜ਼ੀਫਾ ਉਸ ਵਿਦਿਆਰਥੀ ਨੂੰ ਦੂਜੇ ਸਾਲ ਨਹੀਂ ਦਿੱਤਾ ਜਾਵੇਗਾ ਅਤੇ ਮੈਰਿਟ-ਕਮ-ਮੀਨਜ਼ ਦੇ ਅਧਾਰ 'ਤੇ ਅਗਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।
4) ਯੂਨੀਵਰਸਿਟੀ ਵਲੋਂ ਨਿਰਧਾਰਤ ਨਿਯਮਾਂ ਅਧੀਨ ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਹੋਣ ਕਰਕੇ ਦਾਨੀ ਸੱਜਣ ਸ੍ਰੀਮਤੀ ਕੁਲਦੀਪ ਬੇਦੀ ਨੂੰ ਸਕਾਲਰਸ਼ਿਪ ਲਈ 3,00,000/-ਰੁਪਏ (ਤਿੰਨ ਲੱਖ ਰੁਪਏ) ਦੀ ਰਾਸ਼ੀ ਐਂਡੋਮੈਂਟ ਫੰਡ ਵਿਚ ਜਮ੍ਹਾਂ ਕਰਵਾਉਣ ਲਈ ਬੇਨਤੀ ਕੀਤੀ ਜਾਵੇਗੀ।
5) ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਰੱਖੀ ਜਾਵੇਗੀ।
6) ਵਿਭਾਗੀ ਅਕਾਦਮਿਕ ਕਮੇਟੀ (ਏ.ਸੀ.ਡੀ.) ਵਲੋਂ ਨਾਮਜ਼ਦ ਦੋ ਮੈਂਬਰ ਅਤੇ ਮੁਖੀ ਵਿਦਿਆਰਥੀਆਂ ਦੇ ਨਾਂ ਸਿਫਾਰਸ਼ ਕਰਨਗੇ।

ਮੁਖੀ, ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ

ਵਿੱਤ ਅਫ਼ਸਰ

ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)

4.2.2013

8.2.13

13.2.13

(2)

ਸਿੰਡੀਕੇਟ ਮਿਤੀ 20-3-2013

ਪ੍ਰੋਫੈਸਰ ਜਗਿੰਦਰ ਸਿੰਘ ਰਾਮਦੇਵ ਦੇ ਨਾਂ 'ਤੇ ਸਕਾਲਰਸ਼ਿਪ ਲਾਗੂ ਕਰਨ ਸੰਬੰਧੀ।

Cal Vol II

4. **ਪਾਸ ਹੋਇਆ** ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਭਾਗ ਵਿੱਖੇ ਪ੍ਰੋਫ਼ੈਸਰ ਜਗਿੰਦਰ ਸਿੰਘ ਰਾਮਦੇਵ ਦੇ ਨਾਂ 'ਤੇ ਸਕਾਲਰਸ਼ਿਪ ਲਾਗੂ ਕਰਨ ਲਈ ਪ੍ਰਾਪਤ ਹੋਈ ਤਜਵੀਜ਼ ਅਤੇ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਗਠਿਤ ਕਮੇਟੀ ਦੀ ਮਿਤੀ 01.02.2013 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ **(ਅੰਤਿਕਾ-2)** ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਜਨਰਲ ਬ੍ਰਾਂਚ

ਪ੍ਰੋਫੈਸਰ ਜਗਿੰਦਰ ਸਿੰਘ ਰਾਮਦੇਵ ਦੇ ਨਾਂ 'ਤੇ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਭਾਗ ਵਿੱਚ ਬੈਚੂਲਰ ਆਫ ਲਾਇਬ੍ਰੇਰੀ ਸਾਇੰਸ ਦੇ ਆਰਥਿਕ ਪੱਖੋਂ ਕਮਜ਼ੋਰ ਇਕ ਵਿਦਿਆਰਥੀ ਨੂੰ ਵਜ਼ੀਫਾ ਦੇਣ/ਸਥਾਪਤ ਕਰਨ ਲਈ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 1-2-2013 ਨੂੰ ਬਾਅਦ ਦੁਪਹਿਰ 3:00 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ:**

1) ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2) ਮੁਖੀ, ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਭਾਗ
3) President-SATKAL Trust, Professor, Department of Library & Information Science, Punjabi University, Patiala. (Dr.Jagtar Singh)
4) ਵਿੱਤ ਅਫ਼ਸਰ

ਪ੍ਰੋਫੈਸਰ ਜਗਿੰਦਰ ਸਿੰਘ ਰਾਮਦੇਵ ਦੇ ਨਾਂ 'ਤੇ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਭਾਗ ਵਿੱਚ ਬੈਚੂਲਰ ਆਫ਼ ਲਾਇਬ੍ਰੇਰੀ ਸਾਇੰਸ ਦੇ ਆਰਥਿਕ ਪੱਖੋਂ ਕਮਜ਼ੋਰ ਇਕ ਵਿਦਿਆਰਥੀ ਨੂੰ ਵਜ਼ੀਫਾ ਦੇਣ ਲਈ ਤਜਵੀਜ਼ ਪ੍ਰਾਪਤ ਹੋਈ ਸੀ, ਜਿਸ ਲਈ ਨਿਮਨ ਲਿਖਤ ਮੋਡੈਲਟੀਜ਼ ਨਿਰਧਾਰਤ ਕੀਤੀਆਂ ਗਈਆਂ:

1) ਸਕਾਲਰਸ਼ਿਪ ਦਾ ਨਾਂ **ਪ੍ਰੋਫੈਸਰ ਜਗਿੰਦਰ ਸਿੰਘ ਰਾਮਦੇਵ ਵਜ਼ੀਫਾ** ਹੋਵੇਗਾ।
2) ਇਹ ਵਜ਼ੀਫਾ ਲਾਇਬ੍ਰੇਰੀ ਐਂਡ ਇਨਫੋਰਮੇਸ਼ਨ ਸਾਇੰਸ ਵਿਭਾਗ ਵਿੱਚ ਬੈਚੂਲਰ ਆਫ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਚ ਦਾਖਲੇ ਉਪਰੰਤ ਮੈਰਿਟ-ਕਮ-ਮੀਨਜ਼ ਦੇ ਅਧਾਰ 'ਤੇ ਇਕ ਵਿਦਿਆਰਥੀ ਨੂੰ ਦਿੱਤਾ ਜਾਵੇਗਾ।
3) ਦਾਨੀ ਸੱਜਣ ਵਲੋਂ ਸਕਾਲਰਸ਼ਿਪ ਦੀ ਰਾਸ਼ੀ ਲਈ ਪ੍ਰਾਪਤ 1,00,000/-ਰੁਪਏ (ਇੱਕ ਲੱਖ ਰੁਪਏ) ਦਾ ਚੈਕ ਐਂਡੋਮੈਂਟ ਫੰਡ ਵਿਚ ਜਮ੍ਹਾਂ ਕਰਵਾ ਦਿੱਤਾ ਗਿਆ ਹੈ। ਪਰੰਤੂ ਯੂਨੀਵਰਸਿਟੀ ਵਲੋਂ ਨਿਰਧਾਰਤ ਨਿਯਮਾਂ ਅਧੀਨ ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਹੋਣ ਕਰਕੇ ਇੱਕ ਲੱਖ ਰੁਪਏ ਦੀ ਰਾਸ਼ੀ ਘੱਟ ਹੈ। ਇਸ ਲਈ ਦਾਨੀ ਸੱਜਣ ਪ੍ਰੋਫੈਸਰ ਜਗਿੰਦਰ ਸਿੰਘ ਰਾਮੇਦਵ ਨੂੰ ਸਕਾਲਰਸ਼ਿਪ ਲਈ 50,000/-ਰੁਪਏ (ਪੰਜਾਹ ਹਜ਼ਾਰ ਰੁਪਏ) ਦੀ ਹੋਰ ਰਾਸ਼ੀ ਐਂਡੋਮੈਂਟ ਫੰਡ ਵਿਚ ਜਮ੍ਹਾਂ ਕਰਵਾਉਣ ਲਈ ਬੇਨਤੀ ਕੀਤੀ ਜਾਵੇਗੀ।
4) ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਰੱਖੀ ਜਾਵੇਗੀ।
5) ਵਿਭਾਗੀ ਅਕਾਦਮਿਕ ਕਮੇਟੀ (ਏ.ਸੀ.ਡੀ.) ਵਲੋਂ ਨਾਮਜ਼ਦ ਦੋ ਮੈਂਬਰ ਅਤੇ ਮੁਖੀ ਵਿਦਿਆਰਥੀ ਦਾ ਨਾਂ ਸਿਫਾਰਸ਼ ਕਰਨਗੇ।

ਵਿੱਤ ਅਫ਼ਸਰ    ਮੁਖੀ, ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਵਿਭਾਗ    President-SATKAL Trust

ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)

ਸਿੰਡੀਕੇਟ ਮਿਤੀ 20-3-2013 (3)

'ਜਸਪ੍ਰੀਤ ਸਿੰਘ ਯਾਦਗਾਰੀ ਵਜ਼ੀਫਾ' ਲਾਗੂ ਕਰਨ ਸੰਬੰਧੀ।

Cal Vol II

15. **ਪਾਸ ਹੋਇਆ ਕਿ** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕਾਨੂੰਨ ਵਿਭਾਗ ਵਿਖੇ 'ਜਸਪ੍ਰੀਤ ਸਿੰਘ ਯਾਦਗਾਰੀ ਵਜ਼ੀਫਾ' ਲਾਗੂ ਕਰਨ ਅਤੇ ਮੋਡੈਲਟੀਜ਼ ਨਿਰਧਾਰਤ ਕਰਨ ਸਬੰਧੀ ਗਠਿਤ ਕਮੇਟੀ ਦੀ ਮਿਤੀ 14.01.2013 ਨੂੰ ਹੋਈ ਇਕੱਤਰਤਾ ਵਿੱਚ ਕੀਤੀਆਂ ਸਿਫਾਰਸ਼ਾਂ (**ਅੰਤਿਕਾ-29**) ਨੂੰ ਪ੍ਰਵਾਨ ਕੀਤਾ ਜਾਂਦਾ ਹੈ।

67/

## ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਜਨਰਲ ਬ੍ਰਾਂਚ**

ਮਿਤੀ 23-1-2013

ਜਸਪ੍ਰੀਤ ਸਿੰਘ ਦੇ ਨਾਂ 'ਤੇ ਕਾਨੂੰਨ ਵਿਭਾਗ ਵਿੱਚ ਐਲ.ਐਲ.ਬੀ. ਦੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀ ਨੂੰ ਵਜ਼ੀਫਾ ਦੇਣ/ਸਥਾਪਤ ਕਰਨ ਲਈ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 14-1-2013 ਨੂੰ ਬਾਅਦ ਦੁਪਹਿਰ 3:30 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ:**

1) ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2) ਰਜਿਸਟਰਾਰ
3) ਮੁਖੀ, ਕਾਨੂੰਨ ਵਿਭਾਗ
4) ਡੀਨ, ਵਿਦਿਆਰਥੀ ਭਲਾਈ
5) ਵਿੱਤ ਅਫ਼ਸਰ

ਜਸਪ੍ਰੀਤ ਸਿੰਘ ਦੇ ਨਾਂ 'ਤੇ ਕਾਨੂੰਨ ਵਿਭਾਗ ਵਿੱਚ ਐਲ.ਐਲ.ਬੀ. ਦੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀ ਨੂੰ ਵਜ਼ੀਫਾ ਦੇਣ ਲਈ ਤਜ਼ਵੀਜ਼ ਪ੍ਰਾਪਤ ਹੋਈ ਸੀ, ਜਿਸ ਲਈ ਨਿਮਨ ਲਿਖਤ ਮੋਡੈਲਟੀਜ਼ ਨਿਰਧਾਰਤ ਕੀਤੀਆਂ ਗਈਆਂ:

1) ਸਕਾਲਰਸ਼ਿਪ ਦਾ ਨਾਂ **ਜਸਪ੍ਰੀਤ ਸਿੰਘ ਯਾਦਗਾਰੀ ਵਜ਼ੀਫਾ** ਹੋਵੇਗਾ।
2) ਇਹ ਵਜ਼ੀਫਾ ਕਾਨੂੰਨ ਵਿਭਾਗ ਵਿੱਚ ਐਲ.ਐਲ.ਬੀ. ਵਿਚ ਦਾਖਲੇ ਉਪਰੰਤ ਮੈਰਿਟ-ਕਮ-ਮੀਨਜ਼ ਦੇ ਅਧਾਰ 'ਤੇ ਦੋ ਵਿਦਿਆਰਥੀਆਂ (ਇਕ ਭਾਗ ਪਹਿਲਾ ਅਤੇ ਇਕ ਭਾਗ ਦੂਜਾ) ਨੂੰ ਦਿੱਤਾ ਜਾਵੇਗਾ।
3) ਸਕਾਲਰਸ਼ਿਪ ਦੀ ਅਵਧੀ ਦੋ ਸਾਲ ਹੋਵੇਗੀ। ਇਕ ਵਿਦਿਆਰਥੀ ਨੂੰ ਦੋਵੇਂ ਸਾਲ ਇਹ ਵਜ਼ੀਫਾ ਦਿੱਤਾ ਜਾ ਸਕੇਗਾ, ਪਰੰਤੂ ਜੇਕਰ ਪਹਿਲਾਂ ਵਜ਼ੀਫਾ ਲੈ ਰਹੇ ਵਿਦਿਆਰਥੀ ਦੀ ਰੀਅਪੀਅਰ ਆ ਜਾਂਦੀ ਹੈ ਤਾਂ ਇਹ ਵਜ਼ੀਫਾ ਉਸ ਵਿਦਿਆਰਥੀ ਨੂੰ ਦੂਜੇ ਸਾਲ ਨਹੀਂ ਦਿੱਤਾ ਜਾਵੇਗਾ ਅਤੇ ਮੈਰਿਟ-ਕਮ-ਮੀਨਜ਼ ਦੇ ਅਧਾਰ 'ਤੇ ਅਗਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।
4) ਸਕਾਲਰਸ਼ਿਪ ਦੀ ਰਾਸ਼ੀ 3,00,000/-ਰੁਪਏ (ਤਿੰਨ ਲੱਖ ਰੁਪਏ) ਦਾਨੀ ਸੱਜਣ ਸ੍ਰੀਮਤੀ ਕੁਲਵੰਤ ਕੌਰ ਕੋਲੋਂ ਇੰਡਾਉਮੈਂਟ ਫੰਡ ਵਿਚ ਜਮ੍ਹਾਂ ਕਰਵਾਈ ਜਾਵੇਗੀ।
5) ਸਕਾਲਰਸ਼ਿਪ ਦੀ ਰਾਸ਼ੀ 1000/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਰੱਖੀ ਜਾਵੇ।
6) ਵਿਭਾਗੀ ਏ.ਸੀ.ਡੀ. ਵਲੋਂ ਨਾਮਜ਼ਦ ਦੋ ਮੈਂਬਰ ਅਤੇ ਮੁਖੀ, ਵਿਦਿਆਰਥੀਆਂ ਦੇ ਨਾਂ ਸਿਫਾਰਸ਼ ਕਰਨਗੇ।

| ਰਜਿਸਟਰਾਰ ਸਾਹਿਬ | ਮੁਖੀ, ਕਾਨੂੰਨ ਵਿਭਾਗ | ਡੀਨ, ਵਿਦਿਆਰਥੀ ਭਲਾਈ |
|---|---|---|

28.1.13

ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)

23/1/13 23/1/13

24.1.2013

28.1.13

7.3.13

ਸਿੰਡੀਕੇਟ ਮਿਤੀ 11-06-2013 (4)

ਡਾ. ਮਦਨਜੀਤ ਕੌਰ ਵੱਲੋਂ ਗੋਲਡ ਮੈਡਲ ਲਾਗੂ ਕਰਨ ਲਈ ਪ੍ਰਾਪਤ ਹੋਈ ਤਜਵੀਜ਼ ਨੂੰ ਪ੍ਰਵਾਨਗੀ ਸੰਬੰਧੀ।

35. **ਪਾਸ ਹੋਇਆ ਕਿ** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਤਿੰਨ ਵਿਭਾਗਾਂ (ਇਤਿਹਾਸ ਵਿਭਾਗ, ਪੰਜਾਬੀ ਵਿਭਾਗ ਅਤੇ ਬਾਇਓਟੈਕਨਾਲੋਜੀ ਵਿਭਾਗ) ਵਿਖੇ ਡਾ. ਮਦਨਜੀਤ ਕੌਰ ਵੱਲੋਂ ਗੋਲਡ ਮੈਡਲ ਲਾਗੂ ਕਰਨ ਲਈ ਪ੍ਰਾਪਤ ਹੋਈ ਤਜਵੀਜ਼ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

Cal. Vol. II

ਹਾਊਸ ਨੇ ਨੋਟ ਕੀਤਾ ਕਿ ਡਾ. ਮਦਨਜੀਤ ਕੌਰ ਵੱਲੋਂ ਇਤਿਹਾਸ ਵਿਭਾਗ ਲਈ ਬੀਬੀ ਸ਼ਰਨਜੀਤ ਕੌਰ ਮੈਮੋਰੀਅਲ ਗੋਲਡ ਮੈਡਲ, ਪੰਜਾਬੀ ਵਿਭਾਗ ਲਈ ਸਰਦਾਰ ਮਹਿੰਦਰ ਸਿੰਘ ਮੈਮੋਰੀਅਲ ਗੋਲਡ ਮੈਡਲ ਅਤੇ ਬਾਇਓਟੈਕਨਾਲੋਜੀ ਵਿਭਾਗ ਲਈ ਸਰਦਾਰਨੀ ਵਰਿਆਮ ਕੌਰ ਗੋਲਡ ਮੈਡਲ ਸਥਾਪਤ ਕਰਨ ਸਬੰਧੀ ਤਜਵੀਜ਼ ਪ੍ਰਾਪਤ ਹੋਈ ਹੈ। ਇਸ ਸਬੰਧੀ ਦਾਨੀ ਸੱਜਣ ਵੱਲੋਂ 4,00,000/- ਰੁਪਏ (ਚਾਰ ਲੱਖ ਰੁਪਏ) ਦੀ ਰਾਸ਼ੀ ਇੰਡੋਮੈਂਟ ਫੰਡ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ, ਇਸ ਰਾਸ਼ੀ ਦੇ ਵਿਆਜ ਵਿੱਚੋਂ ਇਹ ਤਿੰਨੋਂ ਗੋਲਡ ਮੈਡਲ ਸਾਲਾਨਾ ਕਨਵੋਕੇਸ਼ਨ ਦੇ ਮੌਕੇ 'ਤੇ ਵੱਖ-ਵੱਖ ਕਲਾਸਾਂ ਵਿੱਚ ਟਾਪਰ ਆਉਣ ਵਾਲੇ ਵਿਦਿਆਰਥੀਆਂ ਨੂੰ ਪਹਿਲਾਂ ਦਿੱਤੇ ਜਾਂਦੇ ਗੋਲਡ ਮੈਡਲਾਂ ਦੇ ਨਿਯਮਾਂ ਅਨੁਸਾਰ ਸਾਲ 2012-13 ਤੋਂ ਪ੍ਰਦਾਨ ਕੀਤੇ ਜਾਣਗੇ। ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਗਠਿਤ ਕਮੇਟੀ ਦੀ ਮਿਤੀ 16.05.2013 ਦੀਆਂ ਸਿਫ਼ਾਰਸ਼ਾਂ ਅੰਤਿਕਾ-37 'ਤੇ ਹਨ।

50 ਅਨੁਬੰਧ - 37 - 18 (4.1)

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਜਨਰਲ ਬ੍ਰਾਂਚ

ਬੀਬੀ ਸ਼ਰਨਜੀਤ ਕੌਰ ਮੈਮੋਰੀਅਲ ਗੋਲਡ ਮੈਡਲ, ਸਰਦਾਰ ਮਹਿੰਦਰ ਸਿੰਘ ਮੈਮੋਰੀਅਲ ਗੋਲਡ ਮੈਡਲ ਅਤੇ ਸਰਦਾਰਨੀ ਵਰਿਆਮ ਕੌਰ ਮੈਮੋਰੀਅਲ ਗੋਲਡ ਮੈਡਲ ਸਥਾਪਤ ਕਰਨ ਲਈ ਮੋਡੈਲਟੀਜ਼ ਨਿਰਧਾਰਤ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਕਮੇਟੀ ਦੀ ਮਿਤੀ 16-05-2013 ਨੂੰ ਬਾਅਦ ਦੁਪਹਿਰ 03.30 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ:**

1. ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2. ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ
3. ਡੀਨ, ਵਿਦਿਆਰਥੀ ਭਲਾਈ
4. ਡਾ. ਜੋਧ ਸਿੰਘ,
   ਕਨਵੀਨਰ, ਸਰਬ ਭਾਰਤੀ ਪੰਜਾਬੀ ਕਾਨਫਰੰਸ

ਡਾ. ਮਦਨਜੀਤ ਕੌਰ, ਮੁਹਾਲੀ ਵੱਲੋਂ ਯੂਨੀਵਰਸਿਟੀ ਵਿਖੇ ਵੱਖ-ਵੱਖ ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਗੋਲਡ ਮੈਡਲ ਦੇਣ ਦੇ ਸਬੰਧ ਵਿਚ 4,00,000/-ਰੁਪਏ (ਚਾਰ ਲੱਖ ਰੁਪਏ) ਦੀ ਰਾਸ਼ੀ ਐਂਡੋਮੈਂਟ ਫੰਡ ਵਿਚ ਜਮ੍ਹਾਂ ਕਰਵਾਈ ਗਈ ਸੀ, ਇਨ੍ਹਾਂ ਗੋਲਡ ਮੈਡਲਾਂ ਨੂੰ ਸਥਾਪਤ ਕਰਨ ਲਈ ਨਿਮਨ ਲਿਖਤ ਮੋਡੈਲਟੀਜ਼ ਨਿਰਧਾਰਤ ਕੀਤੀਆਂ ਗਈਆਂ:

1. ਇਕ ਗੋਲਡ ਮੈਡਲ ਦਾ ਨਾਂ ਬੀਬੀ ਸ਼ਰਨਜੀਤ ਕੌਰ ਮੈਮੋਰੀਅਲ ਗੋਲਡ ਮੈਡਲ ਹੋਵੇਗਾ, ਜੋ ਐਮ.ਏ. ਇਤਿਹਾਸ ਵਿਚੋਂ ਟਾਪਰ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

2. ਇਕ ਗੋਲਡ ਮੈਡਲ ਦਾ ਨਾਂ ਸਰਦਾਰ ਮਹਿੰਦਰ ਸਿੰਘ ਮੈਮੋਰੀਅਲ ਗੋਲਡ ਮੈਡਲ ਹੋਵੇਗਾ, ਜੋ ਐਮ.ਏ. ਪੰਜਾਬੀ ਵਿਚੋਂ ਟਾਪਰ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

3. ਇਕ ਗੋਲਡ ਮੈਡਲ ਦਾ ਨਾਂ ਸਰਦਾਰਨੀ ਵਰਿਆਮ ਕੌਰ ਮੈਮੋਰੀਅਲ ਗੋਲਡ ਮੈਡਲ ਹੋਵੇਗਾ, ਜੋ ਐਮ.ਐਸ.ਸੀ. ਬਾਇਓਟੈਕਨਾਲੌਜੀ ਵਿਚੋਂ ਟਾਪਰ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

4. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪਹਿਲਾਂ ਹੀ ਦਿੱਤੇ ਜਾਂਦੇ ਗੋਲਡ ਮੈਡਲਾਂ ਦੇ ਨਿਯਮਾਂ ਅਨੁਸਾਰ ਉਪਰੋਕਤ ਤਿੰਨੋਂ ਗੋਲਡ ਮੈਡਲ ਡਾ. ਮਦਨਜੀਤ ਕੌਰ, ਮੁਹਾਲੀ ਵੱਲੋ ਪ੍ਰਾਪਤ ਹੋਈ 4,00,000/-ਰੁਪਏ ਦੀ ਰਾਸ਼ੀ ਜਿਸ ਨੂੰ ਐਂਡੋਮੈਂਟ ਫੰਡ ਵਿਚ ਜਮ੍ਹਾਂ ਕਰਵਾ ਦਿੱਤਾ ਗਿਆ ਹੈ, ਦੇ ਵਿਆਜ ਵਿਚੋਂ ਅਕਾਦਮਿਕ ਸਾਲ 2012-13 ਤੋਂ ਦਿੱਤੇ ਜਾਣਗੇ।

5. ਇਹ ਤਿੰਨੋਂ ਗੋਲਡ ਮੈਡਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਾਲਾਨਾ ਕਨਵੋਕੇਸ਼ਨ ਦੇ ਮੌਕੇ 'ਤੇ ਦਿੱਤੇ ਜਾਇਆ ਕਰਨਗੇ। ਇਹ ਸਪਸ਼ਟ ਹੈਂ ਕਿ ਇਤਿਹਾਸ, ਪੰਜਾਬੀ ਅਤੇ ਬਾਇਓਟੈਕਨਾਲੋਜੀ ਵਿਭਾਗ ਦੇ ਐਮ.ਏ./ਐਮ.ਐਸ.ਸੀ. ਦੇ ਟਾਪਰ ਵਿਦਿਆਰਥੀਆਂ ਨੂੰ ਪਹਿਲਾਂ ਹੀ ਦਿੱਤੇ ਜਾ ਰਹੇ ਯੂਨੀਵਰਸਿਟੀ ਗੋਲਡ ਮੈਡਲਾਂ ਦੀ ਥਾਂ 'ਤੇ ਹੁਣ ਹਥਲੇ ਮੈਡਲ (ਕ੍ਰਮਾਂਕ 1 ਤੋਂ 3) ਦਿੱਤੇ ਜਾਣਗੇ।

6. ਸਿੰਡੀਕੇਟ ਦੀ ਪ੍ਰਵਾਨਗੀ ਉਪਰੰਤ ਇਸ ਬਾਰੇ ਜਾਣਕਾਰੀ ਯੂਨੀਵਰਸਿਟੀ ਦੀ 'ਸੂਚਨਾ ਪੁਸਤਕ' ਵਿਚ ਦਰਜ ਕੀਤੀ ਜਾਵੇਗੀ।

(signature)
ਡੀਨ, ਵਿਦਿਆਰਥੀ ਭਲਾਈ

(signature)
ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ

(signature)
ਡਾ. ਜੋਧ ਸਿੰਘ,
ਕਨਵੀਨਰ, ਸਰਬ ਭਾਰਤੀ ਪੰਜਾਬੀ ਕਾਨਫਰੰਸ

(signature)
ਡੀਨ, ਅਕਾਦਮਿਕ ਮਾਮਲੇ

ਕਮੇਟੀ ਦੀ ਕਾਰਵਾਈ ਪ੍ਰਵਾਨਗੀ ਹਿਤ।

(signature) 20.5.13

ਵੀ. ਸੀ. ਸਾਹਿਬ

(signature) 21.5.13

ਸਿੰਡੀਕੇਟ ਮਿਤੀ 11-06-2013

37.10 ਸਿੰਗਲ ਫੈਕਲਟੀ/ਪ੍ਰੋਫੈਸ਼ਨਲ ਕਾਲਜ (AICTE, BCI, NCTE etc. ਅਧੀਨ ਆਉਂਦੇ ਕੋਰਸਾਂ ਨੂੰ ਛੱਡ ਕੇ) ਖੋਲ੍ਹਣ ਲਈ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਮਿਤੀ 19.11.12 ਅੰਤਿਕਾ-10 ਨੂੰ ਸੈਸ਼ਨ 2013-14 ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ, ਬਾਰੇ।

Cal Vol II

(ਪੈਰਾ-4.18)

ਚਲਦਾ.........

19 noting926 14 5·1

ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਸਿੰਗਲ ਫੈਕਲਟੀ/ਪ੍ਰੋਫੈਸ਼ਨਲ ਕਾਲਜ ਖੋਲ੍ਹਣ ਲਈ ਘੱਟੋ-ਘੱਟ 2 ਏਕੜ ਜ਼ਮੀਨ ਸਬੰਧੀ ਅਕਾਦਮਿਕ ਕੌਂਸਲ ਮਿਤੀ 19-3-2004 ਦੇ ਪੈਰ੍ਹਾ ਨੰ: 11 ਅਨੁਸਾਰ ਫੈਸਲੇ ਤੇ ਮੁੜ ਵਿਚਾਰ/ਲਾਗੂ ਕਰਨ ਲਈ ਵਾਈਸ-ਚਾਂਸਲਰ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 19-11-2012 ਨੂੰ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ :

| | | |
|---|---|---|
| 1. | ਡਾ. ਜੇ.ਏ ਖਾਨ | ਡੀਨ, ਕਾਲਜ ਵਿਕਾਸ ਕੌਂਸਲ |
| 2. | ਡਾ. ਪੁਸ਼ਪਿੰਦਰ ਸਿੰਘ ਗਿੱਲ | ਡੀਨ, ਮੈਨੇਜਮੈਂਟ ਐਂਡ ਕਾਮਰਸ ਫੈਕਲਟੀ |
| 3. | ਡਾ. ਐਸ.ਐਸ. ਟਿਵਾਣਾ | ਡੀਨ, ਸ਼ੋਸਲ-ਸਾਇੰਸ ਫੈਕਲਟੀ |
| 4. | ਡਾ. ਐਸ.ਐਸ. ਟਿਵਾਣਾ | ਡੀਨ, ਰਿਸਰਚ |

ਕਮੇਟੀ ਦੇ ਧਿਆਨ ਵਿੱਚ ਇਹ ਗੱਲ ਲਿਆਂਦੀ ਗਈ ਕਿ ਵੱਖ-ਵੱਖ ਫੈਕਲਟੀਆਂ ਦੇ ਕਾਲਜਾਂ ਲਈ ਲੋੜੀਂਦੀ ਜ਼ਮੀਨ ਸਬੰਧੀ ਸਿੰਡੀਕੇਟ ਦਾ ਫੈਸਲਾ ਨਿਮਨ ਅਨੁਸਾਰ ਹੈ :

1. ਮਿਊਂਸਪਲ ਕਾਰਪੋਰੇਸ਼ਨ ਅਤੇ ਮਿਊਂਸਪਲ ਕਮੇਟੀ ਦੀ ਲਿਮਟ ਦੇ ਅੰਦਰ ਖੋਲ੍ਹੇ ਜਾਣ ਵਾਲੇ ਲੜਕੀਆਂ ਦੇ ਆਰਟਸ/ਸਾਇੰਸ ਡਿਗਰੀ ਕਾਲਜਾਂ ਲਈ ਲੋੜੀਂਦੀ ਜ਼ਮੀਨ 2 ਏਕੜ ਹੋਵੇਗੀ ਅਤੇ ਮਿਊਂਸਪਲ ਲਿਮਟ ਤੋਂ ਬਾਹਰ 3 ਏਕੜ ਹੋਵੇਗੀ।
2. ਫਿਜ਼ੀਕਲ ਐਜੂਕੇਸ਼ਨ ਕਾਲਜਾਂ ਲਈ ਲੋੜੀਂਦੀ ਜ਼ਮੀਨ ਮਿਊਂਸਪਲ ਹੱਦਾਂ ਦੇ ਅੰਦਰ ਜਾਂ ਬਾਹਰ 5 ਏਕੜ ਹੀ ਹੋਵੇਗੀ।
3. ਲਾਅ ਇਨਫਰਮੇਸ਼ਨ ਟੈਕਨਾਲੋਜੀ, ਮੈਨੇਜਮੈਂਟ ਅਤੇ ਆਰਟਸ/ਸਾਇੰਸ ਡਿਗਰੀ ਕਾਲਜ ਲਈ ਲੋੜੀਂਦੀ ਜ਼ਮੀਨ ਹੇਠ ਲਿਖੇ ਅਨੁਸਾਰ ਹੋਵੇਗੀ :
   ਮਿਊਂਸਪਲ ਕਾਰਪੋਰੇਸ਼ਨ ਦੀ ਹੱਦ ਅੰਦਰ - 2 ਏਕੜ
   ਮਿਊਂਸਪਲ ਕਮੇਟੀ ਦੀ ਹੱਦ ਅੰਦਰ - 3 ਏਕੜ
   ਮਿਊਂਸਪਲ ਕਮੇਟੀ ਦੀ ਹੱਦ ਤੋਂ ਬਾਹਰ - 5 ਏਕੜ
4. ਐਜੂਕੇਸ਼ਨ ਕਾਲਜ ਲਈ ਐਨ.ਸ਼ੀ.ਟੀ.ਈ ਨਾਰਮਜ਼ ਅਨੁਸਾਰ 2500 ਸਕੇਅਰ ਮੀਟਰ।
5. ਏ.ਆਈ.ਸੀ.ਟੀ.ਈ ਅਧੀਨ ਆਉਂਦੇ ਕੋਰਸਾਂ ਲਈ ਲੋੜੀਂਦੀ ਜ਼ਮੀਨ ਏ.ਆਈ.ਸੀ.ਟੀ.ਈ ਨਾਰਮਜ਼ ਅਨੁਸਾਰ ਹੈ।
6. ਬੀ.ਐਸ.ਸੀ. ਹੋਸਪਿਟੈਲਿਟੀ ਐਂਡ ਹੋਟਲ ਮੈਨੇਜਮੈਂਟ (ਤਿੰਨ ਸਾਲਾ) ਕੋਰਸ ਲਈ AICTE/NCHMET (All India Council of Technical Education/National Council of Hotel Management and Catering Technology) ਦੇ ਨਾਰਮਜ਼ ਅਨੁਸਾਰ ਜ਼ਮੀਨ ਲੋੜੀਂਦੀ ਹੋਵੇਗੀ।

ਕਮੇਟੀ ਵੱਲੋਂ ਵਿਸਥਾਰ ਨਾਲ ਵਿਚਾਰ ਵਟਾਂਦਰੇ ਉਪਰੰਤ ਵੱਖ-ਵੱਖ ਫੈਕਲਟੀਆਂ ਦੇ ਕਾਲਜਾਂ ਲਈ ਨਿਰਧਾਰਿਤ ਲੋੜੀਂਦੀ ਜ਼ਮੀਨ ਤੋਂ ਇਲਾਵਾ ਅਤੇ ਸੈਂਟਰਲ ਏਜੰਸੀਆਂ (AICTE, BCI, NCTE, etc.) ਅਧੀਨ ਆਉਂਦੇ ਕੋਰਸਾਂ ਨੂੰ ਛੱਡ ਕੇ (ਜਿਵੇਂ ਐਮ.ਬੀ.ਏ, ਐਮ.ਸੀ.ਏ, ਲਾਅ, ਫਿਜ਼ੀਕਲ ਆਦਿ) ਸਿੰਗਲ ਫੈਕਲਟੀ/ਪ੍ਰੋਫੈਸ਼ਨਲ ਕਾਲਜਾਂ ਲਈ ਹੇਠ ਲਿਖੇ ਅਨੁਸਾਰ ਸਿਫਾਰਸ਼ਾਂ ਕੀਤੀਆਂ ਗਈਆਂ। ਕਮੇਟੀ ਵੱਲੋਂ ਇਹ ਸਿਫਾਰਸ਼ਾਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਲਾਗੂ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਹੈ :

- ਸਿੰਗਲ ਫੈਕਲਟੀ/ਪ੍ਰੋਫੈਸ਼ਨਲ ਕਾਲਜ ਲਈ ਪੇਂਡੂ/ਸ਼ਹਿਰੀ ਖੇਤਰ ਵਿਖੇ (ਕੇਵਲ ਲੜਕੀਆਂ ਦੇ ਕਾਲਜ ਲਈ) - 1 ਏਕੜ
- ਸਾਂਝੀ ਵਿੱਦਿਆ ਲਈ - 1.6 ਏਕੜ
- ਯੂਨੀਵਰਸਿਟੀ ਵੱਲੋਂ ਨਿਰਧਾਰਿਤ ਵੱਖ-ਵੱਖ ਫੈਕਲਟੀਆਂ ਵਿਚੋਂ ਕਿਸੇ ਵੀ ਇਕ ਸਿੰਗਲ ਫੈਕਲਟੀ ਨਾਲ ਸਬੰਧਤ ਕੋਰਸਾਂ ਲਈ ਕਾਲਜ ਖੋਲ੍ਹਣ ਲਈ ਇਹ ਫੈਸਲਾ ਲਾਗੂ ਹੋਵੇਗਾ।
- ਉਕਤ ਫੈਸਲਾ ਸੈਸ਼ਨ 2013-14 ਦੌਰਾਨ ਖੋਲ੍ਹੇ ਜਾਣ ਵਾਲੇ ਕਾਲਜਾਂ ਤੇ ਲਾਗੂ ਹੋਵੇਗਾ। ਸੰਸਥਾ ਨੂੰ ਉਕਤ ਫੈਸਲੇ ਅਨੁਸਾਰ 15 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫੀਸ (ਪ੍ਰੋਸੈਸਿੰਗ ਫੀਸ ਸਮੇਤ) ਅਪਲਾਈ ਕਰਨਾ ਹੋਵੇਗਾ।

ਨੋਟ: ਬਾਕੀ ਦੇ ਨਿਯਮ ਪਹਿਲਾਂ ਵਾਂਗ ਹੀ ਰਹਿਣਗੇ।

ਡੀਨ, ਮੈਨੇਜਮੈਂਟ ਐਂਡ ਕਾਮਰਸ ਫੈਕਲਟੀ

ਡੀਨ, ਕਾਲਜ ਵਿਕਾਸ ਕੌਂਸਲ
ਕਨਵੀਨਰ

ਡੀਨ, ਸੋਸਲ ਸਾਇੰਸ ਫੈਕਲਟੀ

ਡੀਨ, ਰਿਸਰਚ

37.15 ਸੈਸ਼ਨ 2011-12 ਤੋਂ ਅਰਥ ਵਿਗਿਆਨ ਵਿਭਾਗ ਵਿਖੇ ਚੱਲ ਰਹੇ ਕੋਰਸ ਐਮ.ਏ. (ਬਿਜਨਸ ਇਕਨਾਮਿਕਸ) ਦੀ ਫੀਸ ਐਮ.ਏ. (ਇਕਨਾਮਿਕਸ) ਦੇ ਬਰਾਬਰ ਕਰਨ ਸਬੰਧੀ ਗਠਿਤ ਕਮੇਟੀ ਦੀਆਂ ਸਿਫਾਰਿਸ਼ਾਂ ਮਿਤੀ 13.1.2012 ਅੰਤਿਕਾ-12 ਨੂੰ ਪ੍ਰਵਾਨਗੀ ਦਿੱਤੀ ਹੈ, ਬਾਰੇ।

Cal Vol II

ਹਾਊਸ ਨੇ ਨੋਟ ਕੀਤਾ ਕਿ ਵਿਭਾਗ ਵਿਖੇ ਚਲ ਰਹੇ ਮਾਸਟਰ ਆਫ ਬਿਜਨਸ ਇਕਨਾਮਿਕਸ ਦਾ ਨੋਮੀਨਕਲੇਚਰ ਯੂ.ਜੀ.ਸੀ ਦੀਆਂ ਗਾਈਡ ਲਾਈਨਜ਼ ਮੁਤਾਬਿਕ ਬਦਲ ਕੇ ਐਮ.ਏ. (ਬਿਜਨਸ ਇਕਨਾਮਿਕਸ) ਕਰ ਦਿੱਤਾ ਗਿਆ ਹੈ। ਐਮ.ਏ. (ਬਿਜਨਸ ਇਕਨਾਮਿਕਸ) ਪ੍ਰੋਫੈਸ਼ਨਲ ਕੋਰਸ ਨਹੀਂ ਹੈ। ਕੋਰਸ ਪੂਰਾ ਹੋਣ ਉਪਰੰਤ ਵਿਦਿਆਰਥੀਆਂ ਨੂੰ ਡਿਗਰੀ ਐਮ.ਏ. (ਇਕਨਾਮਿਕਸ) ਦੇ ਬਰਾਬਰ ਦੀ ਦਿੱਤੀ ਹੈ। ਐਮ.ਏ. (ਬਿਜਨਸ ਇਕਨਾਮਿਕਸ) ਦੀ ਕੁਲ ਫੀਸ 12830/- ਰੁਪਏ (ਪਹਿਲੀ ਕਿਸ਼ਤ 9170/- ਅਤੇ ਦੂਜੀ ਕਿਸ਼ਤ 3660/- ਰੁਪਏ) ਬਣਦੀ ਹੈ। ਸਪਸ਼ਟ ਹੈ ਕਿ ਜੇਕਰ ਅਗਲੇ ਸਮੈਸਟਰਾਂ ਵਿਚ ਐਡਜਸਟ ਕਰਨ ਤੋਂ ਬਾਅਦ ਵੀ ਵਾਧੂ ਫੀਸ ਹੋਵੇਗੀ ਤਾਂ ਉਹ ਰਿਫੰਡ ਕਰ ਦਿੱਤੀ ਜਾਵੇਗੀ।

6·1

21

13/C
337-12

## ਪੰਜਾਬੀ ਯੂਨੀਵਰਸਿਟੀ ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

ਅਰਥ ਵਿਗਿਆਨ ਵਿਭਾਗ ਵਿਖੇ ਚੱਲ ਰਹੇ ਐਮ.ਏ.(ਬਿਜ਼ਨਸ ਇਕਨਾਮਿਕਸ) ਦੀ ਫੀਸ ਐਮ.ਏ. (ਅਰਥ ਸ਼ਾਸਤਰ) ਦੇ ਬਰਾਬਰ ਕਰਨ ਦੇ ਮਾਮਲੇ ਤੇ ਵਿਚਾਰ ਕਰਨ ਹਿੱਤ ਵਾਈਸ-ਚਾਂਸਲਰ ਸਾਹਿਬ ਵੱਲੋ ਗਠਿਤ ਹੇਠ ਲਿਖੀ ਕਮੇਟੀ ਦੀ ਮਿਤੀ 13.1.2012 ਨੂੰ 2.30 ਵਜੇ ਡੀਨ ਅਕਾਦਮਿਕ ਮਾਮਲੇ ਦੇ ਦਫ਼ਤਰ ਵਿਖੇ ਹੋਈ ਇੱਕਤਰਤਾ ਦੀ ਕਾਰਵਾਈ:

ਹਾਜ਼ਰ ਮੈਂਬਰ:-
1) ਡੀਨ ਅਕਾਦਮਿਕ ਮਾਮਲੇ (ਚੇਅਰਮੈਨ)
2) ਡੀਨ ਵਿਦਿਆਰਥੀ ਭਲਾਈ
3) ਰਜਿਸਟਰਾਰ
4) ਡਾਇਰੈਕਟਰ ਯੋਜਨਾ ਤੇ ਨਿਰੀਖਣ
5) ਮੁਖੀ ਅਰਥ ਵਿਗਿਆਨ ਵਿਭਾਗ
6) ਡਿਪਟੀ ਰਜਿਸਟਰਾਰ ,ਲੇਖਾ (ਵਿੱਤ ਅਫ਼ਸਰ ਦਾ ਨੁਮਾਇੰਦਾ)
7) ਡਿਪਟੀ ਰਜਿਸਟਰਾਰ (ਜਨਰਲ)

ਮੁਖੀ, ਅਰਥ ਵਿਗਿਆਨ ਵਿਭਾਗ ਵੱਲੋਂ ਕਮੇਟੀ ਨੂੰ ਦੱਸਿਆ ਗਿਆ ਕਿ ਵਿਭਾਗ ਵਿਖੇ ਚੱਲ ਰਹੇ ਮਾਸਟਰ ਆਫ ਬਿਜ਼ਨਸ ਇਕਨਾਮਿਕਸ ਦਾ ਨੋਮੀਨਕਲੇਚਰ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਮੁਤਾਬਿਕ ਬਦਲ ਕੇ ਐਮ.ਏ. ਬਿਜ਼ਨਸ ਇਕਨਾਮਿਕਸ ਕਰ ਦਿੱਤਾ ਗਿਆ ਹੈ।ਐਮ.ਏ. (ਬਿਜ਼ਨਸ ਇਕਨਾਮਿਕਸ) ਪ੍ਰੋਫੈਸ਼ਨਲ ਕੋਰਸ ਨਹੀਂ ਹੈ।ਕੋਰਸ ਪੂਰਾ ਹੋਣ ਤੇ ਵਿਦਿਆਰਥੀਆਂ ਨੂੰ ਡਿਗਰੀ ਐਮ.ਏ.(ਇਕਨਾਮਿਕਸ) ਦੇ ਬਰਾਬਰ ਦਿੱਤੀ ਜਾਣੀ ਹੈ।ਇਸ ਲਈ ਵਿਦਿਆਰਥੀਆਂ ਨੇ ਮੰਗ ਕੀਤੀ ਹੈ ਕਿ ਇਸ ਕੋਰਸ ਦੀ ਫੀਸ ਅਕਾਦਮਿਕ ਸਾਲ 2011-12 ਤੋਂ ਐਮ.ਏ. ਦੇ ਬਰਾਬਰ ਕੀਤੀ ਜਾਵੇ।

ਉਕਤ ਮਾਮਲੇ ਤੇ ਕਮੇਟੀ ਵੱਲੋਂ ਭਰਪੂਰ ਵਿਚਾਰ-ਵਟਾਂਦਰੇ ਉਪਰੰਤ ਸਿਫ਼ਾਰਿਸ਼ ਕੀਤੀ ਗਈ ਕਿ ਐਮ.ਏ.(ਬਿਜ਼ਨਸ ਇਕਨਾਮਿਕਸ) ਦੀ ਫੀਸ ਐਮ.ਏ.(ਇਕਨਾਮਿਕਸ) ਦੇ ਬਰਾਬਰ ਹੀ ਰੱਖੀ ਜਾਵੇ ਅਤੇ ਵਿਦਿਆਰਥੀਆਂ ਵੱਲੋਂ ਪਹਿਲਾ ਵਾਧੂ ਜਮ੍ਹਾਂ ਕਰਵਾਈ ਫੀਸ ਨੂੰ ਅਗਲੇ ਸਮੈਸਟਰਾਂ ਵਿੱਚ ਐਡਜਸਟ ਕਰ ਦਿੱਤਾ ਜਾਵੇ।

| | | |
|---|---|---|
| ਡੀਨ ਅਕਾਦਮਿਕ ਮਾਮਲੇ | ਡੀਨ ਵਿਦਿਆਰਥੀ ਭਲਾਈ | ਰਜਿਸਟਰਾਰ |
| ਡਾਇਰੈਕਟਰ ਯੋਜਨਾ ਤੇ ਨਿਰੀਖਣ | ਮੁਖੀ,ਅਰਥ ਸ਼ਾਸਤਰ ਵਿਭਾਗ | ਡਿਪਟੀ ਰਜਿਸਟਰਾਰ (ਲੇਖਾ) (ਵਿੱਤ ਅਫ਼ਸਰ ਦਾ ਨੁਮਾਇੰਦਾ) |

ਡਿਪਟੀ ਰਜਿਸਟਰਾਰ (ਜਨਰਲ)

13/1/2012

11.7.12

ਸਿੰਡੀਕੇਟ ਮਿਤੀ 11-06-2013

37.40 ਨਿਮਨ ਲਿਖਤ ਕੋਰਸਾਂ ਲਈ ਸਬੰਧਤਾ ਫੀਸ (ਕੇਵਲ ਇਕ ਵਾਰ) ਨਿਰਧਾਰਤ ਕਰਨ ਦੀ ਪ੍ਰਵਾਨਗੀ ਦਿੱਤੀ ਹੈ, ਬਾਰੇ :

Cal Vol II

| | | |
|---|---|---|
| ਡੀ.ਲਿਬ | : | 60,000/- ਰੁ: |
| ਐਮ.ਲਿਬ | : | 1,00,000/- ਰੁ: |

7

26.14 ਸਮਾਨਤਾ ਕਮੇਟੀ ਦੀ ਮਿਤੀ 1.10.2013 ਨੂੰ ਹੋਈ ਇਕੱਤਰਤਾ ਦੀ ਕਾਰਵਾਈ (ਅੰਤਿਕਾ-30) ਨੂੰ ਪ੍ਰਵਾਨਗੀ ਦਿੱਤੀ ਹੈ।

39

ਪੰਜਾਬੀ ਯੂਨੀਵਰਸਿਟੀ ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਸਮਾਨਤਾ ਕਮੇਟੀ ਦੀ ਮਿਤੀ 1-10-2013 ਨੂੰ ਬਾਅਦ ਦੁਪਹਿਰ 3.30 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫ਼ਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

**ਹਾਜ਼ਰ ਮੈਂਬਰ:**

1. ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2. ਡੀਨ, ਫੈਕਲਟੀ ਆਫ ਇੰਜੀਨੀਅਰਿੰਗ
3. ਡੀਨ, ਫੈਕਲਟੀ ਆਫ ਫਿਜੀਕਲ ਸਾਇੰਸਿਜ਼
4. ਡੀਨ, ਕਾਲਜ ਵਿਕਾਸ ਕੌਂਸਲ
5. ਰਜਿਸਟਰਾਰ
6. ਕੰਟਰੋਲਰ (ਪ੍ਰੀਖਿਆਵਾਂ)
7. ਸਹਾਇਕ ਰਜਿਸਟਰਾਰ (ਮੀਟਿੰਗਜ਼)

1. ਸਮਾਨਤਾ ਕਮੇਟੀ ਨੇ ਇਕੱਤਰਤਾ ਵਿੱਚ ਫੈਸਲਾ ਲਿਆ ਕਿ ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟ੍ਰੇਨਿੰਗ, ਚੰਡੀਗੜ੍ਹ ਤੋਂ ਪਾਸ ਕੀਤਾ ਤਿੰਨ ਸਾਲਾ ਡਿਪਲੋਮਾ ਇਨ ਮਕੈਨੀਕਲ ਇੰਜੀਨੀਅਰਿੰਗ ਕਰਨ ਉਪਰੰਤ ਪਾਸ ਕੀਤੇ ਦੋ ਸਾਲਾ ਪੀ.ਜੀ.ਡੀ.ਬੀ.ਏ. ਦੇ ਡਿਪਲੋਮੇ ਨੂੰ ਗ੍ਰੈਜੂਏਸ਼ਨ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ।

2. ਜਿਨ੍ਹਾਂ ਵਿਦਿਆਰਥੀਆਂ ਨੇ 10ਵੀਂ ਤੋਂ ਬਾਅਦ ਸਰਕਾਰੀ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ/ਬੋਰਡਾਂ ਤੋਂ ਤਿੰਨ ਸਾਲ ਦਾ ਡਿਪਲੋਮਾ ਪਾਸ ਕੀਤਾ ਹੋਵੇ, ਉਹਨਾਂ ਨੂੰ ਬੀ.ਏ./ਬੀ.ਕਾਮ. ਭਾਗ ਪਹਿਲਾ ਵਿੱਚ ਦਾਖਲੇ ਲਈ ਸਮਾਨਤਾ ਕਮੇਟੀ ਨੇ ਆਪਣੀ ਇਕੱਤਰਤਾ ਮਿਤੀ 8-9-98 ਵਿਚ ਸਿਫਾਰਸ਼ ਕੀਤੀ ਸੀ, ਜਿਸ ਨੂੰ ਅਕਾਦਮਿਕ ਕੌਂਸਿਲ ਨੇ ਆਪਣੀ ਇਕੱਤਰਤਾ ਮਿਤੀ 1-2-99 ਨੂੰ ਪਹਿਲਾਂ ਹੀ ਪ੍ਰਵਾਨ ਕੀਤਾ ਹੋਇਆ ਹੈ ਅਤੇ ਇਸੇ ਦੀ ਨਿਰੰਤਰਤਾ ਵਿੱਚ ਸਮਾਨਤਾ ਕਮੇਟੀ ਦੀ ਇਸ ਇਕੱਤਰਤਾ ਵਿਚ ਬੀ.ਸੀ.ਏ./ਬੀ.ਬੀ.ਏ/ਬੀ.ਐਸ.ਸੀ.-ਮੈਡੀਕਲ/ਨਾਨ-ਮੈਡੀਕਲ/ਸੀ.ਐਸ.ਐਮ/ ਐਮ.ਸੀ.ਐਮ. ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲੇ ਲਈ ਇਸ ਸ਼ਰਤ 'ਤੇ ਯੋਗ ਮੰਨਿਆ ਹੈ ਕਿ ਵਿਦਿਆਰਥੀ ਨੇ ਡਿਪਲੋਮੇ ਵਿੱਚ ਸਬੰਧਿਤ ਵਿਸ਼ਾ/ਵਿਸ਼ੇ (ਜਿਸ ਕਲਾਸ ਵਿੱਚ ਦਾਖਲਾ ਲੈਣਾ ਹੋਵੇ), ਪੜ੍ਹਿਆ ਹੋਵੇ/ਪੜ੍ਹੇ ਹੋਣ।

3. ਅਕਾਦਮਿਕ ਸਾਲ 1989-90 ਤੋਂ ਸਿੱਖਿਆ ਦਾ 10+2+3 ਸਿਸਟਮ ਲਾਗੂ ਹੋਣ ਤੋਂ ਪਹਿਲਾਂ ਜਿਨ੍ਹਾਂ ਵਿਦਿਆਰਥੀਆਂ ਨੇ ਦਸਵੀਂ ਜਮਾਤ ਤੋਂ ਬਾਅਦ ਪ੍ਰੈਪ/ਪ੍ਰੀ-ਯੂਨੀਵਰਸਿਟੀ ਦੀ ਪ੍ਰੀਖਿਆ ਪਾਸ ਕੀਤੀ ਹੋਈ ਹੈ, ਅਜਿਹੇ ਵਿਦਿਆਰਥੀਆਂ ਨੂੰ ਬੀ.ਏ. ਦੇ ਕੋਰਸ ਭਾਗ ਪਹਿਲਾ ਵਿੱਚ ਦਾਖਲਾ ਲੈਣ ਲਈ ਯੋਗ ਮੰਨਿਆ ਗਿਆ ਸੀ, ਬਾਅਦ ਵਿੱਚ ਪੰਜਾਬ ਸਰਕਾਰ ਵਲੋਂ ਪ੍ਰੈਪ ਅਤੇ ਹਾਇਰ ਸੈਕੰਡਰੀ ਦੀ ਪ੍ਰੀਖਿਆ ਬੰਦ ਕਰ ਦਿੱਤੀ ਗਈ ਅਤੇ +2 ਪਾਸ ਕਰਨ ਤੋਂ ਬਾਅਦ ਬੀ.ਏ. ਭਾਗ ਪਹਿਲਾ ਵਿੱਚ ਦਾਖਲਾ ਦੇਣ ਲਈ ਨਿਰਣਾ ਲਿਆ ਗਿਆ। ਹੁਣ ਪੰਜਾਬ ਸਕੂਲ ਬੋਰਡ ਦੀ ਅਕਾਦਮਿਕ ਸ਼ਾਖਾ ਨੇ ਪੁੱਛਿਆ ਹੈ ਕਿ ਜਿਹੜੇ ਵਿਦਿਆਰਥੀਆਂ ਨੇ +2 ਸਿਸਟਮ ਲਾਗੂ ਹੋਣ ਤੋਂ ਪਹਿਲਾਂ ਪ੍ਰੈਪ/ਪ੍ਰੀ-ਯੂਨੀਵਰਸਿਟੀ ਦੀ ਪ੍ਰੀਖਿਆ ਪਾਸ ਕੀਤੀ ਸੀ, ਹੁਣ ਉਹ ਵਿਦਿਆਰਥੀ ਬੀ.ਏ. ਦੇ ਕੋਰਸ ਭਾਗ ਪਹਿਲਾ ਵਿੱਚ ਬਤੌਰ ਰੈਗੂਲਰ ਵਿਦਿਆਰਥੀ ਦਾਖਲਾ ਲੈਣ ਦੇ ਯੋਗ ਹਨ ਜਾਂ ਨਹੀਂ।

ਕਮੇਟੀ ਵਲੋਂ ਵਿਚਾਰ-ਵਟਾਂਦਰੇ ਉਪਰੰਤ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਜਿਹੜੇ ਵਿਦਿਆਰਥੀਆਂ ਨੇ +2 ਸਿਸਟਮ ਲਾਗੂ ਹੋਣ ਤੋਂ ਪਹਿਲਾਂ (1989-90) ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਤੋਂ ਪ੍ਰੈਪ/ਪ੍ਰੀ-ਯੂਨੀਵਰਸਿਟੀ ਦੀ ਪ੍ਰੀਖਿਆ ਜਾਂ ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ ਹਾਇਰ ਸੈਕੰਡਰੀ (ਗਿਆਰ੍ਹਵੀਂ) ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਹੁਣ ਉਹ ਬੀ.ਏ. ਭਾਗ ਪਹਿਲਾ ਵਿਚ ਨਿਯਮਾਂ ਅਨੁਸਾਰ ਦਾਖਲਾ/ਪ੍ਰੀਖਿਆ ਦੇਣ ਦੇ ਯੋਗ ਹੋਣਗੇ।

4. ਕਮੇਟੀ ਨੇ ਨੋਟ ਕੀਤਾ ਕਿ ਜਿਹੜੇ ਵਿਦਿਆਰਥੀਆਂ ਨੇ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਤੋਂ ਬੀ.ਏ. ਆਨਰਜ਼ ਇਨ ਸਕੂਲ ਕੋਰਸ ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਉਨ੍ਹਾਂ ਨੂੰ ਗ੍ਰੈਜੂਏਸ਼ਨ ਦੇ ਬਰਾਬਰ ਇਸ ਸ਼ਰਤ 'ਤੇ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਪੰਜਾਬੀ ਅਤੇ ਅੰਗਰੇਜ਼ੀ ਦੇ ਦੋਵੇਂ ਕੰਪਲਸਰੀ ਵਿਸ਼ੇ ਪਾਸ ਕੀਤੇ ਹੋਣ। ਵਿਚਾਰ-ਵਟਾਂਦਰੇ ਉਪਰੰਤ ਸਮਾਨਤਾ ਕਮੇਟੀ ਨੇ ਫੈਸਲਾ ਲਿਆ ਕਿ ਅਜਿਹੇ ਵਿਦਿਆਰਥੀ ਜਿਹੜੇ ਉਕਤ ਪਾਸ ਕੀਤੇ ਕੋਰਸ ਦੇ ਆਧਾਰ 'ਤੇ ਬੀ.ਐਡ. ਵਿੱਚ ਦਾਖਲਾ ਲੈਣਾ ਚਾਹੁੰਦੇ ਹੋਣ ਤਾਂ ਉਨ੍ਹਾਂ ਨੂੰ Subject Combination ਦੇ ਆਧਾਰ 'ਤੇ ਹੀ ਬੀ.ਐਡ. ਵਿੱਚ ਦਾਖਲਾ ਦਿੱਤਾ ਜਾਵੇ।

Singh

ਚਲਦਾ..2..

40

8.2

14/e



5. ਸਮਾਨਤਾ ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਯੂ.ਜੀ.ਸੀ. ਵਲੋਂ ਪ੍ਰਾਪਤ ਪੱਤਰ ਮਿਤੀ ਮਾਰਚ 3, 1997 ਅਨੁਸਾਰ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਤੋਂ One sitting B.A. ਲਈ 1996-97 ਤੱਕ enrolled ਵਿਦਿਆਰਥੀਆਂ ਵਲੋਂ ਪਾਸ ਕੀਤੀ ਬੀ.ਏ. ਨੂੰ, ਜੇਕਰ ਇਨ੍ਹਾਂ ਵਿਦਿਆਰਥੀਆਂ ਨੇ 1998-99 ਤੱਕ ਆਪਣੀ ਡਿਗਰੀ ਪੂਰੀ ਕਰ ਲਈ ਹੋਵੇ, ਨੂੰ ਗ੍ਰੈਜੂਏਸ਼ਨ (ਤਿੰਨ ਸਾਲਾ ਡਿਗਰੀ) ਦੇ ਬਰਾਬਰ ਮੰਨਿਆ ਹੋਇਆ ਹੈ, ਇਹ ਫੈਸਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪਹਿਲਾਂ ਹੀ ਲਾਗੂ ਹੈ। ਇਸੇ ਦੀ ਲੋਅ ਵਿਚ ਬਰਦਵਾਨ ਯੂਨੀਵਰਸਿਟੀ, ਰਾਜਬਾਟੀ, ਬਰਦਵਾਨ (ਸਟੇਟ ਯੂਨੀਵਰਸਿਟੀ), ਵੈਸਟ ਬੰਗਾਲ ਤੋਂ ਸਾਲ 1996 ਵਿੱਚ ਪਾਸ ਕੀਤੀ ਦੋ ਸਾਲਾ ਬੀ.ਐਸ.ਸੀ. ਨੂੰ ਤਿੰਨ ਸਾਲਾ ਬੀ.ਐਸ.ਸੀ. ਦੇ ਬਰਾਬਰ ਮੰਨਣ ਬਾਰੇ ਕਮੇਟੀ ਨੇ ਸਰਬਸੰਮਤੀ ਨਾਲ ਫੈਸਲਾ ਲਿਆ ਕਿ ਕਿਸੇ ਵੀ ਮਾਨਤਾ ਪ੍ਰਾਪਤ ਵਿਦਿਅਕ ਸੰਸਥਾ ਤੋਂ 1998-99 ਤੋਂ ਪਹਿਲਾਂ ਪੂਰੀ ਕੀਤੀ ਇੱਕ ਸਾਲਾ/ਦੋ ਸਾਲਾ ਬੈਚੂਲਰ ਡਿਗਰੀ ਨੂੰ ਤਿੰਨ ਸਾਲਾ ਬੈਚੂਲਰ ਡਿਗਰੀ ਦੇ ਬਰਾਬਰ ਮੰਨ ਲਿਆ ਜਾਵੇ।

ਇਸ ਦੇ ਨਾਲ ਹੀ ਇਹ ਵੀ ਫੈਸਲਾ ਲਿਆ ਗਿਆ ਕਿ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ 1996-97 ਤੋਂ ਬਾਅਦ enrolled ਵਿਦਿਆਰਥੀਆਂ, ਜਿਨ੍ਹਾਂ ਨੇ ਸਾਲ 1998-99 ਤੋਂ ਬਾਅਦ ਇਕ ਸਾਲਾ ਜਾਂ ਦੋ ਸਾਲਾ ਗ੍ਰੈਜੂਏਸ਼ਨ ਦੀ ਡਿਗਰੀ ਪਾਸ ਕੀਤੀ ਹੋਵੇ, ਨੂੰ ਤਿੰਨ ਸਾਲਾ ਗ੍ਰੈਜੂਏਸ਼ਨ ਡਿਗਰੀ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ।

6. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਿੰਡੀਕੇਟ ਮਿਤੀ 27-6-1986 ਦੇ ਪੈਰ੍ਹਾ ਨੰਬਰ 42.17 (1) ਵਲੋਂ ਫੈਸਲਾ ਲਿਆ ਹੋਇਆ ਹੈ ਕਿ *ਜੋ ਡਿਗਰੀਆਂ ਹੁਣ ਤੱਕ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਆਪਣੀਆਂ ਡਿਗਰੀਆਂ ਦੇ ਬਰਾਬਰ ਮੰਨੀਆਂ (Recognise) ਹੋਈਆਂ ਹਨ, ਉਨ੍ਹਾਂ ਡਿਗਰੀਆਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਡਿਗਰੀਆਂ ਦੇ ਸਮਾਨ ਵੀ ਮੰਨਿਆ ਜਾਵੇ।* ਮਧਿਆ ਭਾਰਤ, ਗਵਾਲੀਅਰ ਜੋ Autonomous Board ਹੈ, ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੱਤਰ ਨੰਬਰ 11856 ਮਿਤੀ 29-7-13 ਦੇ ਆਧਾਰ 'ਤੇ, ਸਮਾਨਤਾ ਕਮੇਟੀ ਵਲੋਂ ਮਧਿਆ ਭਾਰਤ, ਗਵਾਲੀਅਰ ਤੋਂ +2 ਪਾਸ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੇ ਭਾਗ ਪਹਿਲਾ ਵਿੱਚ ਦਾਖਲੇ ਦੇ ਯੋਗ ਮੰਨ ਲਿਆ ਗਿਆ ਹੈ।

7. ਸਮਾਨਤਾ ਕਮੇਟੀ ਵਲੋਂ ਵਿਚਾਰ ਕੀਤਾ ਗਿਆ ਕਿ ਵੱਖ-ਵੱਖ ਕਲਾਸਾਂ ਲਈ ਵਿਦਿਆਰਥੀਆਂ ਵਲੋਂ ਸਮਾਨਤਾ ਪੱਤਰ ਪ੍ਰਾਪਤ ਕਰਨ ਲਈ ਯੂਨੀਵਰਸਿਟੀ ਵਲੋਂ ਨਿਰਧਾਰਿਤ ਕੀਤੀ ਗਈ 100/-ਰੁਪਏ ਫੀਸ ਜਮ੍ਹਾਂ ਕਰਵਾਉਣ ਉਪਰੰਤ ਸਮਾਨਤਾ ਪੱਤਰ ਜਾਰੀ ਕੀਤੇ ਜਾਂਦੇ ਹਨ। ਇਹ ਨਿਰਧਾਰਿਤ ਫੀਸ ਮਿਤੀ 8-10-1997 ਤੋਂ ਚਾਰਜ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਦੀਆਂ ਹੋਰ ਫੀਸਾਂ ਵਿਚ ਵਾਧਾ ਹੁੱਕਾ ਹੈ ਇਸ ਲਈ ਇਸ ਫੀਸ ਵਿਚ ਵੀ ਵਾਧਾ ਕਰਨਾ ਜ਼ਰੂਰੀ ਹੈ।

ਕਮੇਟੀ ਵਲੋਂ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਸਮਾਨਤਾ ਫੀਸ ਨੂੰ 100/-ਰੁਪਏ ਤੋਂ ਵਧਾ ਕੇ 500/-ਰੁਪਏ ਕੀਤਾ ਜਾਵੇ ਅਤੇ ਯੂਨੀਵਰਸਿਟੀ ਦੀ ਸਿੰਡੀਕੇਟ ਵਲੋਂ ਪ੍ਰਵਾਨ ਕਰਨ ਦੀ ਮਿਤੀ ਤੋਂ ਇਸ ਵਧੀ ਹੋਈ ਫੀਸ ਨੂੰ ਲਾਗੂ ਕੀਤਾ ਜਾਵੇ।

Singh
ਡੀਨ, ਫੈਕਲਟੀ ਆਫ ਇੰਜੀਨੀਅਰਿੰਗ

ਡੀਨ, ਫੈਕਲਟੀ ਆਫ ਫਿਜੀਕਲ ਸਾਇੰਸਿਜ਼

ਡੀਨ, ਕਾਲਜ ਵਿਕਾਸ ਕੌਂਸਲ

ਰਜਿਸਟਰਾਰ

ਕੰਟਰੋਲਰ (ਪ੍ਰੀਖਿਆਵਾਂ)

Singh

ਸਹਾਇਕ ਰਜਿਸਟਰਾਰ (ਮੀਟਿੰਗਜ਼)

For approval Pl. ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)

V. C. Sahib

(9)

ਸਿੰਡੀਕੇਟ ਮਿਤੀ 18-3-2014

Col no. 11

23.12 ਸਮਾਨਤਾ ਕਮੇਟੀ ਦੀ ਮਿਤੀ 21.1.2014 ਨੂੰ ਹੋਈ ਇਕੱਤਰਤਾ ਦੀ ਕਾਰਵਾਈ (ਅੰਤਿਕਾ-22) ਨੂੰ ਪ੍ਰਵਾਨਗੀ ਦਿੱਤੀ ਹੈ।

(23)

ਪੰਜਾਬੀ ਯੂਨੀਵਰਸਿਟੀ ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਵਾਈਸ-ਚਾਂਸਲਰ ਸਾਹਿਬ ਵਲੋਂ ਸਥਾਈ ਤੌਰ 'ਤੇ ਗਠਿਤ ਸਮਾਨਤਾ ਕਮੇਟੀ ਦੀ ਮਿਤੀ 21-1-2014 ਨੂੰ ਬਾਅਦ ਦੁਪਹਿਰ 3.00 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫ਼ਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ:

ਹਾਜ਼ਰ ਮੈਂਬਰ:

1. ਡੀਨ, ਅਕਾਦਮਿਕ ਮਾਮਲੇ (ਚੇਅਰਮੈਨ)
2. ਡੀਨ, ਫੈਕਲਟੀ ਆਫ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ
3. ਡੀਨ, ਫੈਕਲਟੀ ਆਫ ਲੈਂਗੁਏਜਿਜ਼
4. ਡੀਨ, ਫੈਕਲਟੀ ਆਫ ਬਿਜ਼ਨਸ ਸਟੱਡੀਜ਼
5. ਡੀਨ, ਫੈਕਲਟੀ ਆਫ ਸੋਸ਼ਲ ਸਾਇੰਸਿਜ਼
6. ਡੀਨ, ਫੈਕਲਟੀ ਆਫ ਮੈਡੀਸਨ
7. ਡੀਨ, ਕਾਲਜ ਵਿਕਾਸ ਕੌਂਸਲ
8. ਕੰਟਰੋਲਰ ਪ੍ਰੀਖਿਆਵਾਂ

1. ਵਿਦਿਆਰਥਣ ਸਵਿਤਾ ਰਾਣੀ ਵਲੋਂ ਪ੍ਰਾਪਤ ਪੱਤਰ ਨੂੰ ਵਿਚਾਰਨ ਉਪਰੰਤ ਸਮਾਨਤਾ ਕਮੇਟੀ ਨੇ ਆਪਣੀ ਇਕੱਤਰਤਾ ਵਿੱਚ ਫੈਸਲਾ ਲਿਆ ਕਿ ਕਿਸੇ ਵੀ ਮਾਨਤਾ ਪ੍ਰਾਪਤ ਵਿਦਿਅਕ ਸੰਸਥਾ ਤੋਂ ਬੀ.ਪੀ.ਐਡ. ਪਾਸ ਕਰਨ ਉਪਰੰਤ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਨਿਯਮਾਂ ਅਨੁਸਾਰ ਐਮ.ਏ. ਵਿਚ ਡਿਸਟੈਂਸ ਐਜੂਕੇਸ਼ਨ/ਪ੍ਰਾਈਵੇਟ ਤੌਰ 'ਤੇ ਦਾਖਲਾ/ਪ੍ਰੀਖਿਆ ਦੇ ਸਕਦੇ ਹਨ ਕਿਉਂਕਿ ਬੀ.ਪੀ.ਐਡ. ਵੀ ਗ੍ਰੈਜੂਏਸ਼ਨ ਹੀ ਹੈ।

2. ਵਿਦਿਆਰਥਣ ਮਮਤਾ ਰਾਣੀ ਵਲੋਂ ਪ੍ਰਾਪਤ ਪੱਤਰ 'ਤੇ ਵਿਚਾਰ ਹੋਇਆ ਕਿ ਬੀ.ਏ. ਇਕਨਾਮਿਕਸ ਅਤੇ ਬੀ.ਕਾਮ. ਦੋਵਾਂ ਕਲਾਸਾਂ ਦੇ ਵਿਸ਼ਿਆਂ ਦੇ contents ਵਿਚ differences ਹਨ। ਬੀ.ਕਾਮ. ਵਿਚ ਇਕਨਾਮਿਕਸ ਵਿਸ਼ੇ ਦੇ ਦੋ ਪੇਪਰ ਪੜ੍ਹਾਏ ਜਾਂਦੇ ਹਨ ਜਦੋਂ ਕਿ ਬੀ.ਏ.ਇਕਨਾਮਕਸ ਵਿਚ ਇਕਨਾਮਿਕਸ ਵਿਸ਼ੇ ਦੇ ਛੇ ਪੇਪਰ ਪੜ੍ਹਾਏ ਜਾਂਦੇ ਹਨ। ਇਸ ਲਈ ਸਮਾਨਤਾ ਕਮੇਟੀ ਨੇ ਫੈਸਲਾ ਲਿਆ ਕਿ ਬੀ.ਏ. ਇਕਨਾਮਿਕਸ ਦਾ curriculum ਬੀ. ਕਾਮ. ਦੇ ਇਕਨਾਮਿਕਸ ਵਿਸ਼ੇ ਦੇ ਤਿੰਨ ਸਾਲਾਂ ਦੇ curriculum ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ।

3. ਵਿਦਿਆਰਥੀ ਅਵਤਾਰ ਸਿੰਘ ਵਲੋਂ ਪ੍ਰਾਪਤ ਪੱਤਰ 'ਤੇ ਵਿਚਾਰ ਉਪਰੰਤ ਸਮਾਨਤਾ ਕਮੇਟੀ ਨੇ ਫੈਸਲਾ ਲਿਆ ਕਿ ਬੈਚੁਲਰ ਆਫ ਫਾਰਮੇਸੀ ਦੀ ਡਿਗਰੀ ਨੂੰ ਬੈਚੂਲਰ ਆਫ ਸਾਇੰਸ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਬੈਚੂਲਰ ਆਫ ਫਾਰਮੇਸੀ ਚਾਰ ਸਾਲਾ ਪ੍ਰੋਫੈਸ਼ਨਲ ਡਿਗਰੀ ਹੈ ਜਦੋਂ ਕਿ ਬੈਚੂਲਰ ਆਫ ਸਾਇੰਸ ਤਿੰਨ ਸਾਲਾ ਸਾਇੰਸ ਦੀ ਡਿਗਰੀ ਹੈ।

4. ਸਮਾਨਤਾ ਕਮੇਟੀ ਨੇ ਵਿਦਿਆਰਥੀ ਹਰਪ੍ਰੀਤ ਸਿੰਘ ਵਲੋਂ ਪ੍ਰਾਪਤ ਪੱਤਰ 'ਤੇ ਵਿਚਾਰ ਉਪਰੰਤ ਫੈਸਲਾ ਕੀਤਾ ਕਿ ਬੀ.ਕਾਮ. ਫਾਈਨਲ ਵਿਚ ਕੰਪਿਊਟਰ ਐਪਲੀਕੇਸ਼ਨਜ਼ ਇਨ ਬਿਜ਼ਨਸ ਦੇ ਵਿਸ਼ੇ ਬਾਰੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਨੂੰ ਮਿਸਲ ਭੇਜ ਕੇ comments ਲੈਣ ਉਪਰੰਤ ਅਗਲੇਰਾ ਫੈਸਲਾ ਲਿਆ ਜਾਵੇ।

ਡੀਨ, ਫੈਕਲਟੀ ਆਫ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ

ਡੀਨ, ਫੈਕਲਟੀ ਆਫ ਲੈਂਗੁਏਜਿਜ਼

ਡੀਨ, ਫੈਕਲਟੀ ਆਫ ਬਿਜ਼ਨਸ ਸਟੱਡੀਜ਼

ਡੀਨ, ਫੈਕਲਟੀ ਆਫ ਸੋਸ਼ਲ ਸਾਇੰਸਿਜ਼

ਡੀਨ, ਫੈਕਲਟੀ ਆਫ ਮੈਡੀਸਨ

ਡੀਨ, ਕਾਲਜ ਵਿਕਾਸ ਕੌਂਸਲ

ਕੰਟਰੋਲਰ ਪ੍ਰੀਖਿਆਵਾਂ

ਡੀਨ, ਅਕਾਦਮਿਕ ਮਾਮਲੇ (ਚੇਅਰਮੈਨ) 21-1-14

ਕਮੇਟੀ ਦੀਆਂ ਸਿਫਾਰਸ਼ਾਂ ਪ੍ਰਵਾਨਗੀ ਹਿੱਤ ਜੀ।

ਡੀਨ ਅਕਾਦਮਿਕ ਮਾਮਲੇ 31-1-14

ਵਾਈਸ-ਚਾਂਸਲਰ ਸਾਹਿਬ 7-2-14

ਸਿੰਡੀਕੇਟ : 408
ਮਿਤੀ : 18.3.2014 (1)

Cal. Vol II

36. **ਪਾਸ ਹੋਇਆ ਕਿ** ਕੇਂਦਰ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਨਵੀਂ Rashtriya Uchchatar Shiksha Abhiyan (RUSA) ਸਕੀਮ ਤਹਿਤ ਪੰਜਾਬ ਸਰਕਾਰ ਪਾਸੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿਚ ਰਖਦੇ ਹੋਏ ਅਕਾਦਮਿਕ ਸੈਸ਼ਨ 2014-15 ਤੋਂ ਯੂਨੀਵਰਸਿਟੀ ਅਤੇ ਇਸ ਨਾਲ ਸੰਬੰਧਿਤ ਕਾਲਜਾਂ ਵਿਖੇ ਚਲ ਰਹੇ ਸਾਰੇ ਰੈਗੂਲਰ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕਰਨ ਸੰਬੰਧੀ ਗਠਿਤ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਮਿਤੀ 8.1.2014 (**ਅੰਤਿਕਾ-47**) ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਹਾਊਸ ਨੇ ਨੋਟ ਕੀਤਾ ਕਿ ਕਾਲਜ ਵਿਕਾਸ ਕੌਂਸਲ ਦੀ ਮਿਤੀ 9.1.2014 ਨੂੰ ਹੋਈ ਇਕੱਤਰਤਾ ਵਿਚ ਅਕਾਦਮਿਕ ਸੈਸ਼ਨ 2014-15 ਤੋਂ ਯੂਨੀਵਰਸਿਟੀ ਅਤੇ ਇਸ ਨਾਲ ਸੰਬੰਧਿਤ ਕਾਲਜਾਂ ਵਿਖੇ ਚਲ ਰਹੇ ਸਾਰੇ ਰੈਗੂਲਰ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕਰਨ ਦੀਆਂ ਸਿਫਾਰਸ਼ਾਂ ਵੀ ਕੀਤੀਆਂ ਗਈਆਂ ਹਨ।

62

ਅਨੁਬੰਧ - 47

10.1

दफ़तर डीन, कालज विकास कौंसल — ਦਫ਼ਤਰ ਡੀਨ, ਕਾਲਜ ਵਿਕਾਸ ਕੌਂਸਲ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)

ਅਕਾਦਮਿਕ ਸੈਸ਼ਨ 2014-15 ਤੋਂ ਯੂਨੀਵਰਸਿਟੀ ਅਤੇ ਇਸ ਨਾਲ ਸੰਬੰਧਤ ਕਾਲਜਾਂ ਵਿਖੇ ਚਲ ਰਹੇ ਸਾਰੇ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾਣੀ ਹੈ। ਇਸ ਸੰਬੰਧ ਵਿਚ ਜਿਹੜੇ ਕੋਰਸਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾਣੀ ਹੈ, ਉਨ੍ਹਾਂ ਲਈ modalities ਤਿਆਰ ਕਰਨ ਦੇ ਮਾਮਲੇ ਤੇ ਵਿਚਾਰ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਹੇਠ ਲਿਖੀ ਕਮੇਟੀ ਦੀ ਮਿਤੀ 08-01-2014 ਨੂੰ ਬਾਅਦ ਦੁਪਹਿਰ 2-00 ਵਜੇ ਡੀਨ, ਅਕਾਦਮਿਕ ਮਾਮਲੇ ਦੇ ਦਫ਼ਤਰ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ :

ਹਾਜ਼ਰ ਮੈਂਬਰ ਸਾਹਿਬਾਨ :

1. ਡੀਨ, ਅਕਾਦਮਿਕ ਮਾਮਲੇ - *ਕਨਵੀਨਰ*
2. ਡੀਨ, ਕਾਲਜ ਵਿਕਾਸ ਕੌਂਸਲ
3. ਡੀਨ, ਰਿਸਰਚ
4. ਕੰਟਰੋਲਰ (ਪ੍ਰੀਖਿਆਵਾਂ)
5. ਡਾ. ਕਿਰਨਦੀਪ ਕੌਰ
   ਡੀਨ, ਫੈਕਲਟੀ ਆਫ਼ ਐਜੂਕੇਸ਼ਨ ਅਤੇ
   ਮੁਖੀ, ਸਿੱਖਿਆ ਅਤੇ ਸਮੁਦਾਇ ਸੇਵਾਵਾਂ ਵਿਭਾਗ

ਇਕੱਤਰਤਾ ਵਿਚ ਡੀਨ, ਵਿਦਿਆਰਥੀ ਭਲਾਈ ਰੁਝੇਵਿਆਂ ਕਾਰਨ ਹਾਜ਼ਰ ਨਹੀਂ ਹੋ ਸਕੇ।

ਡੀਨ, ਕਾਲਜ ਵਿਕਾਸ ਕੌਂਸਲ ਅਤੇ ਪੰਜਾਬੀ ਯੂਨੀਵਰਸਿਟੀ ਦੇ Institutional Coordinator (RUSA) ਵਲੋਂ ਕਮੇਟੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪੰਜਾਬ ਸਰਕਾਰ ਤੋਂ ਪ੍ਰਾਪਤ ਗਾਈਡ-ਲਾਈਨਜ਼ ਅਨੁਸਾਰ ਅਕਾਦਮਿਕ ਸੈਸ਼ਨ 2014-15 ਤੋਂ ਯੂਨੀਵਰਸਿਟੀ ਅਤੇ ਇਸ ਨਾਲ ਸੰਬੰਧਤ ਕਾਲਜਾਂ ਵਿਖੇ ਚਲ ਰਹੇ ਸਾਰੇ ਰੈਗੂਲਰ ਕੋਰਸਾਂ ਵਿਚ *RUSA ਸਕੀਮ* ਅਧੀਨ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾਣੀ ਹੈ ਅਤੇ ਇਸ ਮੰਤਵ ਲਈ modalities ਤਿਆਰ ਕਰਨ ਦੀ ਲੋੜ ਹੈ।

ਕਮੇਟੀ ਵਲੋਂ ਉਪਰੋਕਤ ਮਾਮਲੇ ਤੇ ਭਰਪੂਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਰਬ-ਸੰਮਤੀ ਨਾਲ ਹੇਠ ਲਿਖੇ ਅਨੁਸਾਰ ਸਿਫ਼ਾਰਸ਼ਾਂ ਕੀਤੀਆਂ ਗਈਆਂ :

1. ਯੂਨੀਵਰਸਿਟੀ ਅਤੇ ਇਸ ਨਾਲ ਸੰਬੰਧਤ ਕਾਲਜਾਂ ਵਿਖੇ ਚਲ ਰਹੇ ਸਾਰੇ ਰੈਗੂਲਰ ਕੋਰਸਾਂ ਵਿਚ ਅਕਾਦਮਿਕ ਸੈਸ਼ਨ 2014-15 ਤੋਂ ਸਮੈਸਟਰ ਪ੍ਰਣਾਲੀ ਲਾਗੂ ਕਰਨ, ਸਾਰੇ ਕੋਰਸਾਂ ਵਿਚ ਹੇਠ ਲਿਖੇ ਫਾਰਮੂਲੇ ਅਨੁਸਾਰ ਘੱਟੋ-ਘੱਟ 25 ਪ੍ਰਤੀਸ਼ਤ Internal Assessment ਲਾਗੂ ਕਰਨ ਅਤੇ Internal Assessment ਵਿਚ ਵੱਖ-ਵੱਖ componants ਨੂੰ ਹੇਠ ਲਿਖੇ ਅਨੁਸਾਰ weightage ਦੇਣ ਸੰਬੰਧੀ ਫੈਸਲਾ ਕੀਤਾ ਗਿਆ :

| | | | |
|---|---|---|---|
| i | Attendance | 20% | % of the Total Marks of the Internal Assessment |
| ii | Written Assignment/Project Work etc. | 40% | |
| iii | Two Mid-Semester Tests/ Internal Examinations* | 40% | |

*Average of both Mid-Semester Tests/Internal Examinations.

2. ਕਮੇਟੀ ਵਲੋਂ ਇਹ ਵੀ ਸਿਫ਼ਾਰਸ਼ ਕੀਤੀ ਗਈ ਕਿ ਹਰੇਕ ਕੋਰਸ ਵਿਚ ਹਰੇਕ ਪੇਪਰ ਦੀ Internal Assessment ਦੀ Ratio ਘੱਟੋ-ਘੱਟ 25 ਪ੍ਰਤੀਸ਼ਤ ਹੋਵੇਗੀ ; ਇਸ ਦੇ ਨਾਲ ਹੀ Internal Assessment ਦੇ ਅੰਕ round off* ਹੋਣਗੇ। ਜਿਥੇ ਕੋਰਸ ਦੇ ਕਿਸੇ ਪੇਪਰ ਵਿਚ ਪ੍ਰੈਕਟੀਕਲ ਦੀ ਪ੍ਰੀਖਿਆ ਸ਼ਾਮਲ ਹੈ, ਉਥੇ ਪ੍ਰੈਕਟੀਕਲ ਦੇ ਨੰਬਰ ਮਨਫ਼ੀ ਕਰਕੇ ਕੇਵਲ ਥਿਊਰੀ ਦੇ ਪੇਪਰ ਦੀ 25 ਪ੍ਰਤੀਸ਼ਤ Internal Assessment ਨੂੰ ਆਧਾਰ ਬਣਾਇਆ ਜਾਵੇ।

ਚਲਦਾ ਪੰਨਾ...2...

10.2

63



* In Theory and Internal Assessment : if percentage of Internal Assessment increases the round off of the figure upto 0.5 marks then it (increase) will be added in Theory Paper. If it increases more than 0.5 marks then it (increase) will be added in the Internal Assessment. Total marks of a paper remains unchanged.

3. ਕਮੇਟੀ ਵਲੋਂ ਸਿਫ਼ਾਰਸ਼ ਕੀਤੀ ਗਈ ਕਿ ਹਰ ਕੋਰਸ ਦੇ ਸਿਲੇਬਸ ਵਿਚ ਹਰ ਪੇਪਰ ਨੂੰ ਦੋ ਭਾਗਾਂ (Unit-I/Section-A and Unit-II/Section-B) ਵਿਚ ਵੰਡਿਆ ਜਾਵੇਗਾ। ਪ੍ਰਸ਼ਨ ਪੱਤਰ ਤਿੰਨ ਭਾਗਾਂ(Unit-I/Section-A, Unit-II/Section-B and Unit-III/Section-C) ਵਿਚ ਵੰਡਿਆ ਜਾਵੇਗਾ। ਪੇਪਰ ਦੇ (Unit-I/Section-A and Unit-II/Section-B) ਵਿਚੋਂ 60 ਪ੍ਰਤੀਸ਼ਤ (30:30 ਪ੍ਰਤੀ ਯੂਨਿਟ/ਪ੍ਰਤੀ ਸੈਕਸ਼ਨ) ਅੰਕਾਂ ਦੇ ਵੱਡੇ ਪ੍ਰਸ਼ਨ (descriptive type questions) ਹੋਣਗੇ ਅਤੇ ਪੇਪਰ ਦੇ (Unit-III/Section-C) ਵਿਚ 40 ਪ੍ਰਤੀਸ਼ਤ ਅੰਕਾਂ ਦੇ whole syllabus ਵਿਚੋਂ ਛੋਟੇ/ਅਬਜੈਕਟਿਵ ਟਾਈਪ ਪ੍ਰਸ਼ਨ (short answer type questions/objective type questions) ਜ਼ਰੂਰੀ (compulsory) ਅਤੇ ਹਰ ਛੋਟਾ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।

4. ਕਮੇਟੀ ਵਲੋਂ ਇਹ ਵੀ ਸਿਫ਼ਾਰਸ਼ ਕੀਤੀ ਗਈ ਕਿ ਅਧਿਆਦੇਸ਼ਾਂ ਵਿਚ ਸਮੈਸਟਰ ਪ੍ਰਣਾਲੀ/Internal Assessment ਆਦਿ ਦੀ ਤਬਦੀਲੀ ਨੂੰ ਸੰਬੰਧਿਤ ਬੋਰਡ ਆਫ਼ ਸਟੱਡੀਜ਼ ਤੋਂ ਪ੍ਰਵਾਨ ਕਰਵਾਉਣ ਉਪਰੰਤ ਹੀ ਲਾਗੂ ਕੀਤਾ ਜਾਵੇ। ਜਿਥੇ ਕੋਰਸਾਂ ਦੇ ਅਧਿਆਦੇਸ਼ ਸਾਂਝੇ ਹਨ; ਉਨ੍ਹਾਂ ਕੋਰਸਾਂ ਨੂੰ ਵੀ ਸੰਬੰਧਿਤ ਬੋਰਡ ਆਫ਼ ਸਟੱਡੀਜ਼ ਤੋਂ ਪ੍ਰਵਾਨ ਕਰਵਾਉਣ ਉਪਰੰਤ ਹੀ ਲਾਗੂ ਕੀਤਾ ਜਾਣਾ ਹੈ।

5. ਕਮੇਟੀ ਵਲੋਂ ਸਰਬ-ਸੰਮਤੀ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਭਵਿੱਖ ਵਿਚ ਉਪਰੋਕਤ ਸਿਫ਼ਾਰਸ਼ਾਂ ਦੇ ਮੱਦੇ-ਨਜ਼ਰ ਜੇਕਰ ਕਿਸੇ ਕਿਸਮ ਦੀ ਕੋਈ ਦਿਕਤ/ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਸ ਦੇ ਨਿਪਟਾਰੇ ਹਿਤ ਇਸ ਕਮੇਟੀ ਵਲੋਂ ਮੁੜ ਵਿਚਾਰ ਕਰਕੇ ਨਿਰਣਾ ਲਿਆ ਜਾਵੇ।

ਕੰਟਰੋਲਰ (ਪ੍ਰੀਖਿਆਵਾਂ)

(ਡਾ. ਕਿਰਨਦੀਪ ਕੌਰ)
ਡੀਨ, ਫੈਕਲਟੀ ਆਫ਼ ਐਜੂਕੇਸ਼ਨ
ਅਤੇ ਮੁਖੀ, ਸਿੱਖਿਆ ਅਤੇ ਸਮੁਦਾਇ
ਸੇਵਾਵਾਂ ਵਿਭਾਗ

ਡੀਨ, ਰਿਸਰਚ

ਡੀਨ,
ਕਾਲਜ ਵਿਕਾਸ ਕੌਂਸਲ

ਡੀਨ,
ਅਕਾਦਮਿਕ ਮਾਮਲੇ

ਦਫ਼ਤਰ ਡੀਨ ਅਕਾਦਮਿਕ ਮਾਮਲੇ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾਇਰੀ ਨੰ. 502
ਮਿਤੀ 21.01.14

ਡਾਇਰੀ ਨੰ. 25
ਮਿਤੀ 21/1/14

ਅ) ਸਿੰਡੀਕੇਟ ਮਿਤੀ 5.3.2001 (ਪੈਰ੍ਹਾ-3) ਅਨੁਸਾਰ Extra-curricular Activities ਵਿਚ ਅਲੌਕਿਕ ਪ੍ਰਾਪਤੀਆਂ ਲਈ ਚਾਂਸਲਰ ਦਾ ਸਰੇਸ਼ਟਤਾ ਤਗ਼ਮਾ (Chancellor's Medal of Excellence for Extra-curricular Activities) ਕਾਇਮ ਕੀਤਾ ਹੋਇਆ ਹੈ।

ਖੇਡਾਂ ਦੇ ਖੇਤਰ ਵਿਚ ਅਲੌਕਿਕ ਪ੍ਰਾਪਤੀਆਂ ਲਈ ਚਾਂਸਲਰ ਦਾ ਸਰੇਸ਼ਟਤਾ ਤਗ਼ਮਾ (Chancellor's Medal of Excellence for Extra-curricular Activities in Sports) ਵੀ ਕਾਇਮ ਕੀਤਾ ਜਾਵੇ ਅਤੇ ਇਸ ਮੰਤਵ ਲਈ ਅਧਿਆਦੇਸ਼ਾਂ ਵਿਚ ਲੋੜੀਂਦੀ ਸੋਧ ਕਰ ਲਈ ਜਾਵੇ।